ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 207 Tuesday, October 27, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਫੋਰਡ ਸਰਕਾਰ 5 ਨਵੰਬਰ ਨੂੰ ਪੇਸ਼ ਕਰੇਗੀ ਆਪਣਾ ਬਜਟ

ਓਨਟਾਰੀਓ, 26 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਰਮਿਆਨ ਓਨਟਾਰੀਓ ਦੇ ਲੋਕਾਂ ਦੀ ਹਿਫਾਜ਼ਤ ਉੱਤੇ ਧਿਆਨ ਕੇਂਦਰਿਤ ਕਰਨ ਵਾਲੀ ਫੋਰਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ 5 ਨਵੰਬਰ ਨੂੰ ਸਾਲ 2020 ਦਾ ਆਪਣਾ ਬਜਟ ਜਾਰੀ ਕੀਤਾ ਜਾਵੇਗਾ।

ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਇਸ ਨਾਲ ਪਰਿਵਾਰਾਂ, ਵਰਕਰਜ਼ ਤੇ ਇੰਪਲੌਇਰਜ਼ ਨੂੰ ਲੋੜੀਂਦਾ ਸਹਿਯੋਗ ਮਿਲੇਗਾ। ਸੋਮਵਾਰ ਨੂੰ ਕੋਵਿਡ-19 ਬ੍ਰੀਫਿੰਗ ਦੌਰਾਨ ਫੋਰਡ ਨੇ ਆਖਿਆ ਕਿ ਰਿਕਵਰੀ ਲਈ ਸਾਨੂੰ ਸਿਹਤਮੰਦ ਵਰਕਫੋਰਸ ਚਾਹੀਦੀ ਹੈ। ਇਸ ਲਈ ਅਸੀਂ ਮਹਾਂਮਾਰੀ ਦੌਰਾਨ ਹਰੇਕ ਓਨਟਾਰੀਓ ਵਾਸੀ ਦੀ ਸਿਹਤ ਤੇ ਸੇਫਟੀ ਨੂੰ ਤਰਜੀਹ ਦਿੱਤੀ ਹੈ।



ਉਨ੍ਹਾਂ ਆਖਿਆ ਕਿ ਲੋਕਾਂ ਨੂੰ ਕੰਮ ਉੱਤੇ ਵਾਪਿਸ ਲਿਆਉਣਾ, ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰਨਾ ਤੇ ਨਿਵੇਸ਼ ਆਕਰਸ਼ਿਤ ਕਰਨਾ ਵੀ ਸਾਡੀ ਸਰਕਾਰ ਦੀਆਂ ਅਹਿਮ ਤਰਜੀਹਾਂ ਵਿੱਚੋਂ ਚੰਦ ਹਨ। ਆਉਣ ਵਾਲੇ ਬਜਟ ਨਾਲ ਇੱਕ ਤਰ੍ਹਾਂ ਦਾ ਸੰਤੁਲਨ ਪੈਦਾ ਹੋ ਜਾਵੇਗਾ ਜਿਸ ਨਾਲ ਹਰ ਕਿਸੇ ਦੀ ਸਿਹਤ ਤੇ ਸੇਫਟੀ ਉੱਤੇ ਧਿਆਨ ਕੇਂਦਰਿਤ ਹੋ ਸਕੇਗਾ ਤੇ ਇਸ ਦੇ ਨਾਲ ਹੀ ਸਾਡੀ ਆਰਥਿਕ ਰਿਕਵਰੀ ਲਈ ਵੀ ਸਾਜ਼ਗਾਰ ਹਾਲਾਤ ਪੈਦਾ ਹੋ ਸਕਣਗੇ।

ਅਸਲ ਵਿੱਚ ਪ੍ਰੋਵਿੰਸ ਦਾ ਬਜਟ ਇਸ ਸਾਲ ਮਾਰਚ ਵਿੱਚ ਜਾਰੀ ਹੋਣਾ ਸੀ ਪਰ ਮਹਾਂਮਾਰੀ ਦੇ ਚੱਲਦਿਆਂ ਪ੍ਰੋਵਿੰਸ ਵੱਲੋਂ ਆਪਣਾ ਬਜਟ ਦੇਰ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਰੌਡ ਫਿਲਿਪ ਨੇ ਆਖਿਆ ਕਿ ਖਰਚਿਆਂ ਸਬੰਧੀ ਪੈਕੇਜ ਮਹਾਂਮਾਰੀ ਸਬੰਧੀ ਮਾਪਦੰਡਾਂ ਉੱਤੇ ਕੇਂਦਰਿਤ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਬਜਟ ਤਿੰਨ ਸਾਲਾ ਐਕਸ਼ਨ ਪਲੈਨ ਹੋਵੇਗਾ। ਜ਼ਿਕਰਯੋਗ ਹੈ ਕਿ ਫਿਲਿਪ ਨੇ ਅਗਸਤ ਵਿੱਚ ਆਖਿਆ ਸੀ ਕਿ ਮਹਾਂਮਾਰੀ ਦੇ ਚੱਲਦਿਆਂ ਅਜੇ ਕਈ ਬਿਲੀਅਨ ਹੋਰ ਦਾ ਖਰਚਾ ਆਵੇਗਾ ਤੇ ਇਹ ਅੰਕੜਾ 38.5 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਦੌਰਾਨ ਫੋਰਡ ਨੇ ਆਖਿਆ ਕਿ ਨਵਾਂ ਬਜਟ ਓਨਟਾਰੀਓ ਦੇ ਐਕਸ਼ਨ ਪਲੈਨ ਉੱਤੇ ਕਾਇਮ ਹੋਵੇਗਾ।

## ਬਿਨਾਂ ਮਾਸਕ ਤੋਂ ਤਸਵੀਰਾਂ ਖਿਚਵਾਉਣ ਵਾਲੇ ਐਮਪੀਪੀ ਨੂੰ ਨਹੀ ਕੀਤਾ ਜਾਵੇਗਾ ਡੀਮੋਟ : ਫੋਰਡ



ਟੋਰਾਂਟੋ, 26 ਅਕਤੂਬਰ (ਪੋਸਟ ਬਿਊਰੋ) : ਦਰਜਨਾਂ ਲੋਕਾਂ ਨਾਲ ਮਾਸਕ ਤੋਂ ਬਿਨਾਂ ਤਸਵੀਰਾਂ ਖਿਚਵਾਉਣ ਵਾਲੇ ਨਾਇਗਰਾ ਤੋਂ ਪੀਸੀ ਐਮਪੀਪੀ ਨੂੰ ਓਨਟਾਰੀਓ ਦੇ ਹਸਪਤਾਲ ਦੀ ਲਾਬੀ ਦੇ ਮੁਖੀ ਵੱਲੋਂ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ।


ਸੈਮ ਉਸਟਰਹੌਫ ਨੇ ਵੀਕੈਂਡ ਉੱਤੇ ਅਣਦੱਸੇ ਬੈਂਕੁਏਟ ਹਾਲ ਵਿੱਚ 40 ਹੋਰਨਾਂ ਵਿਅਕਤੀਆਂ ਨਾਲ ਬਿਨਾਂ ਮਾਸਕ ਤੋਂ ਖਿਚਵਾਈਆਂ ਆਪਣੀਆਂ ਤਸਵੀਰਾਂ ਆਨਲਾਈਨ ਸਾਂਝੀਆਂ ਕੀਤੀਆਂ। ਹੁਣ ਡਲੀਟ ਕੀਤੀਆਂ ਜਾ ਚੁੱਕੀਆਂ ਇਨ੍ਹਾਂ ਤਸਵੀਰਾਂ ਵਿੱਚ ਸਿੱਖਿਆ ਮੰਤਰੀ ਸਟੀਫਨ ਲਿਚੇ ਦੇ ਪਾਰਲੀਆਮੈਂਟਰੀ ਅਸਿਸਟੈਂਟ ਉਸਟਰਹੌਫ ਘੱਟੋ ਘੱਟ ਚਾਲੀ ਵਿਅਕਤੀਆਂ ਦੇ ਗਰੁੱਪ ਨਾਲ ਬਿਨਾਂ ਮਾਸਕ ਤੋਂ ਨਜ਼ਰ ਆ ਰਹੇ ਹਨ।

...ਬਾਕੀ ਪੰਨਾ 3 'ਤੇ

## ਟੋਰਾਂਟੋ ਵਿੱਚ ਦੋ ਸੀਟਾਂ ਲਈ ਅਗਲੇ ਸੋਮਵਾਰ ਹੋਣਗੀਆਂ ਜ਼ਿਮਨੀ ਚੋਣਾਂ

ਟੋਰਾਂਟੋ, 26 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਦੋ ਹਲਕਿਆਂ ਵਿੱਚ ਅਗਲੇ ਸੋਮਵਾਰ ਨੂੰ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹਨ।

ਅਗਸਤ ਵਿੱਚ ਵਿੱਤ ਮੰਤਰੀ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇਣ ਵਾਲੇ ਬਿੱਲ ਮੌਰਨਿਊ ਕਾਰਨ ਖਾਲੀ ਹੋਏ ਟੋਰਾਂਟੋ ਸੈਂਟਰ ਹਲਕੇ ਲਈ ਨੌਂ ਉਮੀਦਵਾਰ ਮੈਦਾਨ ਵਿੱਚ ਹਨ। ਗ੍ਰੀਨ ਪਾਰਟੀ ਦੀ ਨਵੀਂ ਚੁਣੀ ਗਈ ਆਗੂ ਐਨੈਮੀ ਪਾਲ ਵੀ ਹੋਰਨਾਂ ਪਾਰਟੀ ਉਮੀਦਵਾਰਾਂ, ਜਿਵੇਂ ਕਿ ਸਾਬਕਾ ਬ੍ਰੌਡਕਾਸਟਰ ਮਾਰਸੀ ਲੈਨ- ਜੋ ਕਿ ਲਿਬਰਲਜ਼ ਵੱਲੋਂ ਲੜ ਰਹੇ ਹਨ, ਕੰਜ਼ਰਵੇਟਿਵ ਉਮੀਦਵਾਰ ਬੈਂਜਾਮਿਨ ਗੌਰਾ ਸ਼ਰਮਾ, ਐਨਡੀਪੀ ਉਮੀਦਵਾਰ ਬ੍ਰਾਇਨ ਚੈਂਗ ਤੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਬਲਜੀਤ ਬਾਵਾ, ਨਾਲ ਇਸ ਸੀਟ ਲਈ ਚੋਣ ਲੜ ਰਹੀ ਹੈ। ਜ਼ਿਕਰਯੋਗ ਹੈ ਕਿ ਗ੍ਰੀਨ ਪਾਰਟੀ ਦੀ ਨੌਮੀਨੇਸ਼ਨ ਜਿੱਤਣ ਤੋਂ




ਬਾਅਦ ਪਾਲ ਨੇ ਪ੍ਰਧਾਨ ਮੰਤਰੀ ਨੂੰ ਕਰੋ-ਨਾਵਾਇਰਸ ਦੇ ਮਾਮਲਿਆਂ ਵਿੱਚ ਹੋ ਰਹੇ ਵਾਧੇ ਤੋਂ ਬਾਅਦ ਜ਼ਿਮਨੀ ਚੋਣਾਂ ਮੁਲਤਵੀ ਕਰਲ ਦੀ ਅਪੀਲ ਕੀਤੀ ਸੀ।

ਯੌਰਕ ਸੈਂਟਰ ਵਿੱਚ ਛੇ ਉਮੀਦਵਾਰ ਮਾਈਕਲ ਲੈਵਿਟ ਦੀ ਥਾਂ ਲੈਣ ਲਈ ਜੱਦੋ-ਜਹਿਦ ਕਰਨਗੇ। ਇਨ੍ਹਾਂ ਵਿੱਚ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਆਗੂ ਮੈਕਸਿਮ ਬਰਨੀਅਰ ਵੀ ਸ਼ਾਮਲ ਹਨ। ਲਿਬਰਲ ਉਮੀਦਵਾਰ ਯਾਰਾ ਸਾਕਸ ਇਸ ਸੀਟ ਲਈ ਮੈਦਾਨ ਵਿੱਚ ਨਿੱਤਰਣਗੇ, ਕੰਜ਼ਰਵੇਟਿਵਾਂ ਵੱਲੋਂ ਜੂਲੀਅਸ ਤਿਆਂਗਸਨ, ਐਨਡੀਪੀ ਵੱਲੋਂ ਉਮੀਦਵਾਰ ਐਂਡਰੀਆ ਵੈਸਕੁਏਜ਼ ਜਿਮੇਨੇਜ਼ ਤੇ ਗ੍ਰੀਨ ਪਾਰਟੀ ਵੱਲੋਂ ਉਮੀਦਵਾਰ ਸਾਸ਼ਾ ਜਾਵਾਰੇਲਾ ਨੂੰ ਮੈਦਾਨ ਵਿੱਚ ਉਤਾਰਿਆ ਜਾ ਰਿਹਾ ਹੈ।

ਇਨ੍ਹਾਂ ਸੀਟਾਂ ਲਈ ਜ਼ਿਮਨੀ ਚੋਣਾਂ ਸਵੇਰੇ 8:30 ਵਜੇ ਸ਼ੁਰੂ ਹੋਣਗੀਆਂ ਤੇ ਰਾਤੀਂ 8:30 ਵਜੇ ਬੰਦ ਹੋਣਗੀਆਂ। ਜੇ ਤੁਸੀਂ ਰਜਿਸਟਰਡ ਵੋਟਰ ਹੋ ਤਾਂ ਤੁਹਾਨੂੰ ਸਰਕਾਰੀ ਪਛਾਣ ਤੇ ਆਪਣਾ ਵੋਟਰ ਇਨਫਰਮੇਸ਼ਨ ਕਾਰਡ ਪੋਲਿੰਗ ਸਟੇਸ਼ਨ ਲਿਆਉਣਾ ਹੋਵੇਗਾ। ਕਰੋਨਾਵਾਇਰਸ ਮਹਾਂਮਾਰੀ ਕਾਰਨ ਇਲੈਕਸ਼ਨਜ਼ ਕੈਨੇਡਾ ਵੱਲੋਂ ਵੋਟਰਾਂ ਨੂੰ ਸੇਫ ਮਹਿਸੂਸ ਕਰਵਾਉਣ ਲਈ ਕੁੱਝ ਸੇਫਟੀ ਮਾਪਦੰਡ ਲਾਗੂ ਕੀਤੇ ਗਏ ਹਨ। ਪੋਲਿੰਗ ਸਟੇਸ਼ਨਜ਼ ਉੱਤੇ ਮਾਸਕਸ ਜ਼ਰੂਰੀ ਹੋਣਗੇ, ਹੈਂਡ ਸੈਨੇਟਾਈਜ਼ਰ ਉਪਲਬਧ ਹੋਣਗੇ ਤੇ ਸੋਸ਼ਲ ਡਿਸਟੈਂਸਿੰਗ ਦਾ ਸਾਰਿਆਂ ਨੂੰ ਪਾਲਣ ਕਰਨਾ ਹੋਵੇਗਾ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

START DELIVERING SMILES
Make someone's every day near you. Immediate hourly roles available at amazon.ca/apply
amazon



Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



MERCURY WANTED
ਬਹੁਤ ਸਾਰੇ ਪੁਰਾਣੇ ਉਤਪਾਦਾਂ ਵਿੱਚ ਪਾਰਾ ਹੁੰਦਾ ਹੈ
ਉਹਨਾਂ ਨੂੰ ਮੁਫਤ ਵਿਚ ਰੀਸਾਈਕਲ ਕਰੋ ਅਤੇ
ਪਾਰਾ ਨੂੰ ਵਾਤਾਵਰਣ ਤੋਂ ਬਾਹਰ ਰੱਖੋ
ਹੁਣ ਤੱਕ, ਪੀਲ ਦੇ ਖੇਤਰ ਨੇ 23,865 ਗ੍ਰਾਮ ਪਾਰਾ ਇਕੱਠਾ ਕੀਤਾ ਹੈ! ਤੁਹਾਡੀ ਸਹਾਇਤਾ ਨਾਲ, 15 ਲੱਖ ਤੋਂ ਵੱਧ ਓਲੰਪਿਕ ਤੈਰਾਕੀ ਪੂਲ ਦੇ ਬਰਾਬਰ ਦੇ ਮੁੱਲ ਦਾ ਪਾਣੀ ਅਤੇ ਜਲਮਾਰਗ ਨੂੰ ਝੀਲਾਂ ਵਿੱਚ ਸੁਰੱਖਿਅਤ ਕੀਤਾ ਗਿਆ ਸੀ
ਪਹਿਲੇ 600 ਵਸਨੀਕ ਆਪਣਾ ਪਾਰਾ ਉਤਪਾਦ *
ਨੂੰ ਸੁੱਟਣ ਤੇ' ਇੱਕ ਮੁਫਤ ਡਿਜੀਟਲ ਥਰਮਾਮੀਟਰ ਪ੍ਰਾਪਤ ਕਰਨਗੇ
One thermometer per car/per day. *Mercury lighting and batteries excluded.
Loose Liquid Mercury
Blood Pressure Gauges
Relay Switches
Thermostats
Thermometers
Float Switches
Button-Cell Batteries
Fluorescent Tubes†
CFL Bulbs†
† Max. 40 per resident per day for mercury lighting
Ontario Trillium Foundation
Fondation Trillium de l'Ontario
scout ENVIRONMENTAL
Region of Peel working with you
Mercury Roundup
ਅੱਜ ਹੀ ਆਪਣੇ ਪਾਰਾ ਉਤਪਾਦਾਂ ਨੂੰ ਸਥਾਨਕ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਲਿਆਓ ।
ਵਧੇਰੇ ਜਾਣਕਾਰੀ ਲਈ MercuryRoundup.ca/Peel ਨੂੰ ਦੇਖੋ ।

NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

# ਸੈਨੋਵਸ ਵੱਲੋਂ 23.6 ਬਿਲੀਅਨ ਡਾਲਰ ਵਿੱਚ ਹਸਕੀ ਐਨਰਜੀ ਨੂੰ ਖਰੀਦਣ ਦੀ ਕੀਤੀ ਜਾ ਰਹੀ ਹੈ ਤਿਆਰੀ

ਕੈਲਗਰੀ, 26 ਅਕਤੂਬਰ (ਪੋਸਟ ਬਿਊਰੋ) : ਕੈਲਗਰੀ ਸਥਿਤ ਕੰਪਨੀ ਸੈਨੋਵਸ ਐਨਰਜੀ ਇਨਕਾਰਪੋਰੇਸ਼ਨ ਵੱਲੋਂ 23.6 ਬਿਲੀਅਨ ਡਾਲਰ ਵਿੱਚ ਹਸਕੀ ਐਨਰਜੀ ਇਨਕਾਰਪੋਰੇਸ਼ਨ ਨੂੰ ਖਰੀਦਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਇੱਕ ਸਾਂਝੇ ਬਿਆਨ ਵਿੱਚ ਦੋਵਾਂ ਕੰਪਨੀਆਂ ਨੇ ਦਿੱਤੀ।




ਰਲੇਵੇਂ ਤੋਂ ਬਾਅਦ ਸੈਨੋਵਸ ਐਨਰਜੀ ਇਨਕਾਰਪੋਰੇਸ਼ਨ ਦਾ ਹੈੱਡਕੁਆਰਟਰ ਅਲਬਰਟਾ ਵਿੱਚ ਹੀ ਰਹੇਗਾ। ਬਿਆਨ ਵਿੱਚ ਆਖਿਆ ਗਿਆ ਕਿ ਇਸ ਡੀਲ ਤੋਂ ਬਾਅਦ ਇਹ ਦੋਵੇਂ ਕੰਪਨੀਆਂ ਨਵੇਂ ਤੇਲ ਤੇ ਗੈਸ ਬਿਜ਼ਨਸ ਵਿੱਚ ਹੋਰ ਵੱਡੇ ਨਾਂ ਵਜੋਂ ਉਭਰਨਗੀਆਂ। ਜਿਸ ਕੋਲ ਵਧੇਰੇ ਸਥਾਈ ਕੈਸ਼ ਹੋਵੇਗਾ। ਸੈਨੋਵਸ ਦੇ ਸੀਈਓ ਐਲੈਕਸ ਪੁਰਬਾਇਕਸ ਇਸ ਸਾਂਝੀ ਕੰਪਨੀ ਦੇ ਮੁਖੀ ਹੋਣਗੇ ਜਦਕਿ ਹਸਕੀ ਦੇ ਚੀਫ ਫਾਇਨਾਂਸ਼ੀਅਲ ਆਫੀਸਰ ਜੈਫ ਹਾਰਟ ਨਵੀਂ ਥਾਂ ਉੱਤੇ ਇਹੋ ਭੂਮਿਕਾ ਨਿਭਾਉਣਗੇ।

ਪੁਰਬਾਇਕਸ ਨੇ ਆਖਿਆ ਕਿ ਸਾਡੀ ਕੰਪਨੀ ਵਧੇਰੇ ਮਜ਼ਬੂਤ, ਇੱਕਜੁੱਟ ਕੰਪਨੀ ਵਜੋਂ ਉਭਰੇਗੀ ਤੇ ਐਨਰਜੀ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਹਸਕੀ ਨੂੰ ਹਾਂਗਕਾਂਗ ਸਥਿਤ ਬਿਲੀਅਨੇਅਰ ਲੀ ਕਾ-ਸਿੰਗ ਵੱਲੋਂ ਹਚਿਸਨ ਵ੍ਹਾਮਪੋਆ ਯੂਰਪ ਇਨਵੈਸਟਮੈਂਟ ਐਸ ਏ ਆਰ ਐਲ (ਉ) ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ, ਜਿਸ ਕੋਲ ਕੰਪਨੀ ਦੇ 29.32 ਫੀ ਸਦੀ ਸ਼ੇਅਰ ਹਨ।

# ਆਊਟਬ੍ਰੇਕ ਤੋਂ ਬਾਅਦ ਸਪੇਨ ਨੇ ਦੂਜੀ ਵਾਰੀ ਐਲਾਨੀ ਸਟੇਟ ਆਫ ਐਮਰਜੰਸੀ

ਮੇਡਰਿਡ, 26 ਅਕਤੂਬਰ (ਪੋਸਟ ਬਿਊਰੋ) : ਐਤਵਾਰ ਨੂੰ ਸਪੇਨ ਨੇ ਦੇਸ਼ ਭਰ ਵਿੱਚ ਦੂਜੀ ਐਮਰਜੰਸੀ ਐਲਾਨ ਦਿੱਤੀ। ਇਸ ਦੇ ਨਾਲ ਹੀ ਦੇਸ਼ ਵਿੱਚ ਤੇਜ਼ੀ ਨਾਲ ਫੈਲ ਰਹੇ ਕਰੋਨਾਵਾਇਰਸ ਦੇ ਮਾਮਲਿਆਂ ਨੂੰ ਰੋਕਣ ਦੇ ਲਿਹਾਜ ਨਾਲ ਰਾਤ ਭਰ ਲਈ ਕਰਫਿਊ ਵੀ ਲਾਇਆ ਗਿਆ। ਇਹ ਜਾਣਕਾਰੀ ਪ੍ਰਧਾਨ ਮੰਤਰੀ ਪੈਡਰੋ ਸਾਂਚੇਜ਼ ਨੇ ਦਿੱਤੀ।

ਸਾਂਚੇਜ਼ ਨੇ ਟੀ ਵੀ ਉੱਤੇ ਦੇਸ਼ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਹ ਨਵੇਂ ਮਾਪਦੰਡ ਐਤਵਾਰ ਰਾਤ ਨੂੰ ਪ੍ਰਭਾਵੀ ਹੋਣਗੇ। ਸਾਂਚੇਜ਼ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੈਨਰੀ ਆਈਲੈਂਡ ਨੂੰ ਛੱਡ ਕੇ ਦੇਸ਼ ਭਰ ਵਿੱਚ ਰਾਤੀਂ 11:00 ਵਜੇ ਤੋਂ ਸਵੇਰੇ 6:00 ਵਜੇ ਤੱਕ ਸਟੇਟ ਆਫ ਐਮਰਜੰਸੀ ਲਾਗੂ ਰੱਖੀ ਜਾਵੇਗੀ। ਉਨ੍ਹਾਂ ਆਖਿਆ ਕਿ ਦੇਸ਼ ਦੇ 19 ਰੀਜਨਲ ਆਗੂਆਂ ਨੂੰ ਆਪੋ ਆਪਣੇ ਇਲਾਕੇ ਦੀਆਂ ਦਿੱਕਤਾਂ ਦੇ ਹਿਸਾਬ ਨਾਲ ਕਰਫਿਊ ਦੇ ਘੰਟੇ ਤੈਅ ਕਰਨ ਦਾ ਅਧਿਕਾਰ ਹੋਵੇਗਾ। ਇਹ ਨਿਯਮ ਜਿੰਨੇ ਸਖ਼ਤ ਹੋਣਗੇ ਓਨੇ ਹੀ ਚੰਗੇ ਹਨ, ਇਸ ਦੇ ਨਾਲ ਹੀ ਆਵਾਜਾਈ ਲਈ ਸਰਹੱਦੀ ਪਾਬੰਦੀਆਂ ਵੀ ਲਾਈਆਂ ਜਾ ਰਹੀਆਂ ਹਨ ਤੇ ਲੋਕਾਂ ਦੇ ਇੱਕਠ ਨੂੰ ਘਟਾ ਕੇ ਛੇ ਵਿਅਕਤੀ ਕਰ ਦਿੱਤਾ ਗਿਆ ਹੈ।



ਆਪਣੇ ਕੈਬਨਿਟ ਨਾਲ ਮੁਲਾਕਾਤ ਤੋਂ ਬਾਅਦ ਸਾਂਚੇਜ਼ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਯੂਰਪ ਤੇ ਸਪੇਨ ਨੂੰ ਕੋਵਿਡ-19 ਮਹਾਂਮਾਰੀ ਦੇ ਦੂਜੀ ਵੇਵ ਨਾਲ ਸਿੱਝਣਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਉਹ ਪਾਰਲੀਆਮੈਂਟ ਵਿੱਚ ਐਮਰਜੰਸੀ ਨੂੰ ਹੋਰ ਛੇ ਮਹੀਨੇ, ਭਾਵ ਮਈ ਤੱਕ, ਵਧਾਉਣ ਲਈ ਆਖਣਗੇ। ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਸਪੇਨ ਵਿੱਚ ਰੋਜ਼ਾਨਾ ਦੇ 20,000 ਨਵੇਂ ਮਾਮਲੇ ਦਰਜ ਕੀਤੇ ਗਏ ਤੇ ਇਸ ਦੇ ਨਾਲ ਹੀ 231 ਮੌਤਾਂ ਵੀ ਰਿਕਾਰਡ ਕੀਤੀਆਂ ਗਈਆਂ। ਇਸ ਦੇ ਨਾਲ ਹੀ ਦੇਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ 34,752 ਪਹੁੰਚ ਗਈ ਹੈ।

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Send - Exchange - Receive
Toll Free: 1833 823 5439 | 647 783 0049

## ਲਾਪਤਾ 12 ਸਾਲਾ ਲੜਕੀ ਦੀ ਭਾਲ ਕਰ ਰਹੀ ਹੈ ਟੋਰਾਂਟੋ ਪੁਲਿਸ

ਟੋਰਾਂਟੋ, 26 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ 12 ਸਾਲਾਂ ਦੀ ਲੜਕੀ ਦੀ ਭਾਲ ਕਰ ਰਹੀ ਹੈ। ਮਾਰੀਆ ਤਾਇਆਨ ਨੂੰ ਆਖਰੀ ਵਾਰੀ ਸਕਾਰਬੌਰੋ ਦੇ ਨੀਲਸਨ ਰੋਡ ਤੇ ਫਿੰਚ ਐਵਨਿਊ ਈਸਟ ਇਲਾਕੇ ਵਿੱਚ ਵੇਖਿਆ ਗਿਆ ਸੀ। ਉਸ ਦਾ ਕੱਦ 5 ਫੁੱਟ 4 ਇੰਚ, ਅੱਖਾਂ ਦਾ ਰੰਗ ਭੂਰਾ ਤੇ ਵਾਲ ਸਟਰੇਟ ਤੇ ਭੂਰੇ ਹਨ। ਉਸ ਨੂੰ ਆਖਰੀ ਵਾਰੀ ਚਿੱਟੇ ਰੰਗ ਦੀ ਟੀ-ਸ਼ਰਟ ਪਾਇਆਂ ਵੇਖਿਆ ਗਿਆ। ਇਸ ਬੱਚੀ ਸਬੰਧੀ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਟੀ ਡੀ ਐਸ ਬੀ ਨੂੰ ਪੈ ਸਕਦਾ ਹੈ 42 ਮਿਲੀਅਨ ਡਾਲਰ ਦਾ ਘਾਟਾ

ਟੋਰਾਂਟੋ, 26 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਵਿਦਿਆਰਥੀਆਂ ਦੀ ਫੀਸ ਦਾ ਕੋਈ ਹਿਸਾਬ ਨਹੀਂ ਰਹਿ ਗਿਆ ਹੈ ਤੇ ਇਸ ਕਾਰਨ ਬੋਰਡ ਦੇ ਬਜਟ ਨੂੰ ਕਾਫੀ ਨੁਕਸਾਨ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਬੋਰਡਜ਼ ਨੂੰ ਪ੍ਰਤੀ ਵਿਦਿਆਰਥੀ ਫੰਡ ਹਾਸਲ ਹੁੰਦੇ ਹਨ ਤੇ ਟੀ ਡੀ ਐਸ ਬੀ ਦੀ ਫਾਇਨਾਂਸ ਕਮੇਟੀ ਵੱਲੋਂ ਪਿਛਲੇ ਹਫਤੇ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਕੂਲ ਵਰ੍ਹੇ ਉਨ੍ਹਾਂ ਨੂੰ ਪ੍ਰੋਵਿੰਸ਼ੀਅਲ ਫੰਡਿੰਗ ਦੇ ਰੂਪ ਵਿੱਚ 42 ਮਿਲੀਅਨ ਡਾਲਰ ਦਾ ਘਾਟਾ ਪੈ ਸਕਦਾ ਹੈ।



ਟੀ ਡੀ ਐਸ ਬੀ ਦੇ ਚੇਅਰ ਅਲੈਗਜ਼ੈਂਡਰ ਬ੍ਰਾਊਨ ਨੇ ਦੱਸਿਆ ਕਿ 5,500 ਵਿਦਿਆਰਥੀ, ਜਿਨ੍ਹਾਂ ਦੇ ਇਸ ਸਾਲ ਦੇ ਅੰਤ ਵਿੱਚ ਵਾਪਿਸ ਆਉਣ ਦੀ ਸੰਭਾਵਨਾ ਸੀ, ਉਨ੍ਹਾਂ ਦਾ ਕੋਈ ਹਿਸਾਬ ਨਹੀਂ ਲੱਗ ਰਿਹਾ। ਇਨ੍ਹਾਂ ਵਿੱਚ 800 ਹਾਈ ਸਕੂਲ ਵਿਦਿਆਰਥੀ ਤੇ 4700 ਐਲੀਮੈਂਟਰੀ ਵਿਦਿਆਰਥੀ ਸ਼ਾਮਲ ਹਨ।

ਬੋਰਡ ਵੱਲੋਂ ਪ੍ਰੋਵਿੰਸ ਨੂੰ ਅਪੀਲ ਕੀਤੀ ਗਈ ਹੈ ਕਿ ਉਨ੍ਹਾਂ ਨੂੰ 42 ਮਿਲੀਅਨ ਡਾਲਰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਉਹ ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਟਰੈਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਹੜੇ ਲੱਭ ਨਹੀਂ ਰਹੇ।

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

# ਬਿਨਾਂ ਮਾਸਕ ਤੋਂ ਤਸਵੀਰਾਂ ਖਿਚਵਾਉਣ ਵਾਲੇ ਐਮਪੀਪੀ ਨੂੰ ਨਹੀ ਕੀਤਾ ਜਾਵੇਗਾ ਡੀਮੋਟ : ਫੋਰਡ

...ਪੰਨਾ 1 ਦਾ ਬਾਕੀ

ਇਸ ਉੱਤੇ ਓਨਟਾਰੀਓ ਹੌਸਪਿਟਲ ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਐਨਥਨੀ ਡੇਲ, ਜੋ ਕਿ ਸੈਕਿੰਡ ਵੇਵ ਨੂੰ ਹੈਂਡਲ ਕਰਨ ਦੇ ਸਬੰਧ ਵਿੱਚ ਫੋਰਡ ਸਰਕਾਰ ਦੇ ਤਕੜੇ ਆਲੋਚਕ ਹਨ, ਨੇ ਟਵੀਟ ਕਰਕੇ ਆਖਿਆ ਕਿ ਉਸਟਰਹੌਫ ਤੋਂ ਪਾਰਲੀਮਾਨੀ ਸਕੱਤਰ ਦਾ ਅਹੁਦਾ ਵਾਪਿਸ ਲੈ ਲਿਆ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਦੇ ਉੱਠ ਰਹੇ ਸਵਾਲਾਂ ਬਾਰੇ ਉਸਟਰਹੌਫ ਨੇ ਆਖਿਆ ਕਿ ਭਾਵੇਂ ਬੈਂਕੁਏਟ ਹਾਲ ਵਿੱਚ ਸਾਰੇ ਨਿਯਮਾਂ ਦੀ ਪਾਲਣਾ ਹੋ ਰਹੀ ਸੀ ਪਰ ਉਨ੍ਹਾਂ ਨੂੰ ਕਾਹਲੀ ਵਿੱਚ ਖਿਚਵਾਈਆਂ ਗਈਆਂ ਤਸਵੀਰਾਂ ਵਿੱਚ ਮਾਸਕ ਪਾ ਲੈਣਾ ਚਾਹੀਦਾ ਸੀ ਪਰ ਅਜਿਹਾ ਨਾ ਕਰਨ ਲਈ ਉਹ ਮੁਆਫੀ ਮੰਗਦੇ ਹਨ।

ਇਸ ਉੱਤੇ ਗੱਲ ਕਰਦਿਆਂ ਸੋਮਵਾਰ ਦੁਪਹਿਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਸਟਰਹੌਫ ਨੂੰ ਨਾ ਹੀ ਡੀਮੋਟ ਕੀਤਾ ਜਾ ਰਿਹਾ ਹੈ ਤੇ ਨਾ ਹੀ ਇਨ੍ਹਾਂ ਤਸਵੀਰਾਂ ਲਈ ਉਨ੍ਹਾਂ ਨੂੰ ਕੋਈ ਹੋਰ ਸਜ਼ਾ ਹੀ ਦਿੱਤੀ ਜਾ ਰਹੀ ਹੈ। ਉਹ ਬਹੁਤ ਹੀ ਵਧੀਆ ਨੁਮਾਇੰਦੇ ਹਨ ਤੇ ਆਪਣੀ ਟੀਮ ਵਿੱਚ ਉਨ੍ਹਾਂ ਨੂੰ ਸ਼ਾਮਲ ਕੀਤੇ ਜਾਣ ਉੱਤੇ ਸਾਨੂੰ ਮਾਣ ਹੈ।

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

## ਟਰੰਪ ਵੱਲੋਂ ਭਾਰਤ ਨੂੰ 'ਗੰਦਾ' ਕਹਿਣਾ ਸ਼ਰਮਨਾਕ : ਜੋ ਬਾਈਡਨ

ਸਿਆਟਲ, 26 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਉਪ-ਰਾਸ਼ਟਰਪਤੀ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਾਈਡਨ ਨੇ ਅਤੇ ਉਨ੍ਹਾਂ ਦੀ ਉਪ-ਰਾਸ਼ਟਰਪਤੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਰਾਸ਼ਟਰਪਤੀ ਟਰੰਪ ਦੀ ਉਸ ਟਿੱਪਣੀ ਕਿ 'ਭਾਰਤ ਗੰਦਾ ਤੇ ਉਥੋਂ ਦੀ ਹਵਾ ਵੀ ਗੰਦੀ' ਬਾਰੇ ਕਿਹਾ ਕਿ ਆਪਣੇ ਦੋਸਤ ਮੁਲਕ ਬਾਰੇ ਇਸ ਤਰ੍ਹਾਂ ਬੋਲਣਾ ਸ਼ੋਭਾ ਨਹੀਂ ਦਿੰਦਾ ਅਤੇ ਇਹ ਸ਼ਰਮਨਾਕ ਹੈ। ਇਨ੍ਹਾਂ ਦੋਵਾਂ ਆਗੂਆਂ ਨੇ ਕਿਹਾ ਕਿ ਅਸੀਂ ਅਮਰੀਕਾ ਦੀ ਭਾਰਤ ਨਾਲ ਭਾਈਵਾਲੀ ਦੀ ਡੂੰਘੀ ਕਦਰ ਕਰਦੇ ਹਾਂ ਤੇ ਜੇ ਅਸੀਂ ਜਿੱਤ ਗਏ ਤਾਂ ਭਾਰਤ ਨਾਲ ਰਿਸ਼ਤੇ ਅਸੀਂ ਪ੍ਰਸ਼ਾਸਨ ਦੇ ਸਮੇਂ ਤੋਂ ਵਧੇਰੇ ਵਧਾਵਾਂਗੇ।ਅਮਰੀਕਾ ਤੇ ਭਾਰਤ ਮਿਲ ਕੇ ਅੱਤਵਾਦ ਦੇ ਖ਼ਿਲਾਫ਼ ਜੰਗ ਲੜਨਗੇ। ਬਾਈਡਨ ਨੇ ਕਿਹਾ ਸਾਡੀ ਵਿਦੇਸ਼ ਨੀਤੀ ਸਭ ਨੂੰ ਸਤਿਕਾਰ ਦੇਣ ਦੀ ਹੋਵੇਗੀ।

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

jobs! jobs! jobs! jobs! jobs!
HELP WANTED
DUNDAS·JAFINE
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਪਿਆ ਹੈ ਰੱਫੜ ਜੇ ਪਾਕਿ ਵਿੱਚ ਪੈਣ ਦੇਵੋ,
ਸਦਾ ਅਜੀਬ ਰਹੇ ਓਧਰ ਦੇ ਰੰਗ ਮਿੱਤਰ।
ਹੱਥੀਂ ਉਹਦੇ ਆ ਰਾਜ ਦੀ ਵਾਗ ਆਉਂਦੀ,
ਜਿਹੜਾ ਰੱਖੇ ਨਹੀਂ ਰਤਾ ਵੀ ਸੰਗ ਮਿੱਤਰ।
ਚਮਚੀ ਸਿੱਧੀ ਜਰਨੈਲਾਂ ਦੀ ਕਰੇ ਜਿਹੜਾ,
ਖਿਦਮਤ ਕਰਨ ਦੇ ਜਾਣਦਾ ਢੰਗ ਮਿੱਤਰ।
ਜਿੱਦਣ ਕਿਤੇ ਵੀ ਰਹਿ ਗਈ ਕਸਰ ਥੋੜ੍ਹੀ,
ਵੱਜਣਾ ਓਦਣ ਜਰਨੈਲਾਂ ਦਾ ਡੰਗ ਮਿੱਤਰ।
ਤੁਰ ਗਏ ਭੁੱਟੋ, ਨਵਾਜ਼ ਜਿਹੇ ਕਈ ਜਿੰਦਾਂ,
ਓਦਾਂ ਈ ਵਾਰੀ ਇਮਰਾਨ ਦੀ ਆ ਸਕਦੀ।
ਸੱਤਾ ਮਾਣਨ ਨੂੰ ਪਈ ਫਿਰ ਫੌਜ ਕਾਹਲੀ,
ਮੀਟਿੰਗਾਂ ਵਿੱਚ ਨਹੀਂ ਸਮਾਂ ਖੁੰਝਾ ਸਕਦੀ।

ਤੀਸ ਮਾਰ ਖਾਂ

# ਆਪਣੇ 4 ਪਰਿਵਾਰਕ ਮੈਂਬਰਾਂ ਦਾ ਕਤਲ ਕਰਨ ਵਾਲੇ ਵਿਅਕਤੀ ਨੇ ਅਦਾਲਤ ਵਿੱਚ ਮੰਗੀ ਮੁਆਫੀ

ਮਾਰਖਮ, 26 ਅਕਤੂਬਰ (ਪੋਸਟ ਬਿਊਰੋ) : ਆਪਣੇ ਸਮੁੱਚੇ ਪਰਿਵਾਰ ਨੂੰ ਮਾਰਨ ਵਾਲੇ ਓਨਟਾਰੀਓ ਦੇ 24 ਸਾਲਾ ਵਿਅਕਤੀ ਨੇ ਸੋਮਵਾਰ ਨੂੰ ਅਦਾਲਤ ਵਿੱਚ ਮੁਆਫੀ ਮੰਗੀ। ਵਕੀਲਾਂ ਵੱਲੋਂ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੇ 40 ਸਾਲਾ ਤੱਕ ਪੈਰੋਲ ਨਾ ਦਿੱਤੇ ਜਾਣ ਦੀ ਅਪੀਲ ਕੀਤੀ ਗਈ।



ਜ਼ਿਕਰਯੋਗ ਹੈ ਕਿ ਮਹਿਨਾਜ਼ ਜ਼ਾਮਨ ਨੂੰ ਮਾਰਖਮ, ਓਨਟਾਰੀਓ ਸਥਿਤ ਆਪਣੇ ਘਰ ਵਿੱਚ 27 ਜੁਲਾਈ, 2019 ਵਿੱਚ ਆਪਣੇ ਮਾਪਿਆਂ, ਭੈਣ ਤੇ ਦਾਦੀ ਦਾ ਕਤਲ ਕਰਨ ਦੇ ਸਬੰਧ ਵਿੱਚ ਫਰਸਟ ਡਿਗਰੀ ਮਰਡਰ ਦੇ ਤਿੰਨ ਮਾਮ-ਲਿਆਂ ਤੇ ਸੈਕਿੰਡ ਡਿਗਰੀ ਮਰਡਰ ਦੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।

ਵੀਡੀਓ ਕਾਨਫਰੰਸ ਰਾਹੀਂ ਸਜ਼ਾ ਲਈ ਸੁਣਵਾਈ ਵਿੱਚ ਸ਼ਾਮਲ ਹੋਏ ਜ਼ਾਮਨ ਨੇ ਬੜੀ ਹੀ ਫਲੈਟ ਟੋਨ ਵਿੱਚ ਅਦਾਲਤ ਸਾਹਮਣੇ ਮੁਆਫੀ ਮੰਗੀ। ਕ੍ਰਾਊਨ ਤੇ ਬਚਾਅ ਪੱਖ ਦੇ ਵਕੀਲਾਂ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਫਰਸਟ ਡਿਗਰੀ ਮਾਮਲਿਆਂ ਵਿੱਚ ਮਹਿਨਾਜ਼ ਨੂੰ 25 ਸਾਲ ਤੇ ਸੈਕਿੰਡ ਡਿਗਰੀ ਮਾਮਲੇ ਵਿੱਚ 15 ਸਾਲ ਲਈ ਪੈਰੋਲ ਨਾ ਦਿੱਤੀ ਜਾਵੇ ਤੇ ਇਹ ਸੱਭ ਨਾਲੋ ਨਾਲ ਚੱਲੇ।

ਪੁਲਿਸ ਨੂੰ 70 ਸਾਲਾ ਫਿਰੋਜ਼ਾ ਬੇਗਮ, 59 ਸਾਲਾ ਮੋਨੀਰੁਜ਼ ਜ਼ਾਮਨ, 50 ਸਾਲਾ ਮੁਮਤਾਜ਼ ਬੇਗਮ ਤੇ 21 ਸਾਲਾ ਮਲੇਸਾ ਜ਼ਾਮਨ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਵਿੱਚੋਂ ਮਿਲੀਆਂ ਸਨ ਤੇ ਇਨ੍ਹਾਂ ਸੱਭਨਾਂ ਦੇ ਕਤਲ ਦੇ ਸਬੰਧ ਵਿੱਚ ਹੁਣ 24 ਸਾਲਾਂ ਨੂੰ ਢੁੱਕੇ ਮਹਿਨਾਜ਼ ਜ਼ਾਮਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਕੋਵਿਡ-19 ਪ੍ਰਤੀ ਫੈਡਰਲ ਸਰਕਾਰ ਦੀ ਪ੍ਰਤੀਕਿਰਿਆ ਦੇ ਅਧਿਐਨ ਸਬੰਧੀ ਮਤਾ ਪਾਸ

ਓਟਵਾ, 26 ਅਕਤੂਬਰ (ਪੋਸਟ ਬਿਊਰੋ) : ਲਿਬਰਲਾਂ ਦੇ ਵਿਰੋਧ ਦੇ ਬਾਵਜੂਦ ਵਿਰੋਧੀ ਧਿਰ ਦੀ ਇੱਕਜੁਟਤਾ ਦਾ ਮੁਜ਼ਾਹਰਾ ਉਸ ਸਮੇਂ ਹੋਇਆ ਜਦੋਂ ਕੰਜ਼ਰਵੇਟਿਵਾਂ ਵੱਲੋਂ ਫੈਡਰਲ ਸਰਕਾਰ ਦੀ ਕੋਵਿਡ-19 ਪ੍ਰਤੀ ਪ੍ਰਤੀਕਿਰਿਆ ਦੇ ਹੈਲਥ ਕਮੇਟੀ ਵੱਲੋਂ ਅਧਿਐਨ ਸਬੰਧੀ ਮਤਾ ਪਾਸ ਹੋ ਗਿਆ।

ਬਲਾਕ ਕਿਊਬਿਕੁਆ, ਐਨਡੀਪੀ ਤੇ ਗ੍ਰੀਨਜ਼ ਵੱਲੋਂ ਇਸ ਪ੍ਰਸਤਾਵ ਦੇ ਹੱਕ ਵਿੱਚ ਵੋਟ ਕੀਤਾ ਗਿਆ ਹੈ ਤੇ ਇਸ ਦੇ ਮੱਦੇਨਜ਼ਰ ਕੁੱਝ ਦਿਨਾਂ ਵਿੱਚ ਹੀ ਕਮੇਟੀ ਕਾਇਮ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਅੱਜ ਤੱਕ ਲਿਬਰਲਾਂ ਵੱਲੋਂ ਮਹਾਂਮਾਰੀ ਦੇ ਸਬੰਧ ਵਿੱਚ ਜੋ ਵੀ ਪ੍ਰਤੀਕਿਰਿਆ ਦਿੱਤੀ ਗਈ ਹੈ ਉਸ ਸਬੰਧੀ ਜਾਣਕਾਰੀ ਵੱਖ ਵੱਖ ਵਿਭਾਗਾਂ ਤੇ ਏਜੰਸੀਆਂ ਤੋਂ ਮੰਗੀ ਜਾਵੇਗੀ।



ਫੈਡਰਲ ਸਰਕਾਰ ਵੱਲੋਂ ਮੌਜੂਦਾ ਹੈਲਥ ਸੰਕਟ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਗਿਆ ਹੈ ਉਸ ਬਾਰੇ ਹੋਰ ਡੂੰਘਾਈ ਨਾਲ ਜਾਣਕਾਰੀ ਹਾਸਲ ਕਰਨ ਦੇ ਫੈਸਲੇ ਬਾਰੇ ਪੈਣ ਵਾਲੇ ਪ੍ਰਭਾਵ ਦੇ ਸਬੰਧ ਵਿੱਚ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਤੇ ਸਿਹਤ ਮੰਤਰੀ ਪੈਟੀ ਹਾਜ਼ਦੂ ਵੱਲੋਂ ਚੇਤਾਵਨੀ ਵੀ ਜਾਰੀ ਕੀਤੀ ਗਈ। ਲਿਬਰਲਾਂ ਨੇ ਇਹ ਤਰਕ ਦਿੱਤਾ ਕਿ ਸੈਕਿੰਡ ਵੇਵ ਦਰਮਿਆਨ ਇਸ ਸੱਭ ਕਾਸੇ ਦਾ ਮੁਲਾਂਕਣ ਕੀਤਾ ਜਾਣਾ ਸਹੀ ਨਹੀਂ ਹੈ। ਹੁਣ ਅਧਿਐਨ ਲਈ ਬਣੀ ਸਹਿਮਤੀ ਤਹਿਤ ਸਰਕਾਰ ਨੂੰ ਈਮੇਲਜ਼, ਦਸਤਾਵੇਜ਼, ਨੋਟਸ ਅਤੇ ਪ੍ਰਧਾਨ ਮੰਤਰੀ ਆਫਿਸ, ਪ੍ਰਿਵੀ ਕਾਉਂਸਲ ਆਫਿਸ, ਹੈਲਥ ਕੈਨੇਡਾ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਕੈਬਨਿਟ ਮੰਤਰੀ ਆਫਿਸਿਜ਼ ਨਾਲ ਸਬੰਧਤ ਹੋਰ ਰਿਕਾਰਡਜ਼ ਮਾਰਚ ਦੇ ਮੱਧ ਤੋਂ ਉਜਾਗਰ ਕਰਨ ਲਈ ਆਖਿਆ ਜਾਵੇਗਾ।

ਇਹ ਮਤਾ 152 ਦੇ ਮੁਕਾਬਲੇ 176 ਵੋਟਾਂ ਨਾਲ ਪਾਸ ਹੋਇਆ। ਇਸ ਵੋਟ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਨੇ ਵਿਰੋਧੀ ਧਿਰ ਉੱਤੇ ਵੰਡੀਆਂ ਪਾਉਣ ਵਾਲੀ ਸਿਆਸਤ ਖੇਡਣ ਦਾ ਦੋਸ਼ ਲਾਇਆ। ਉਨ੍ਹਾਂ ਆਖਿਆ ਕਿ ਇਸ ਫੈਸਲੇ ਨਾਲ ਲਿਬਰਲ ਕਾਫੀ ਨਿਰਾਸ਼ ਹਨ।

# ਏਅਰਪੋਰਟ ਉਤੇ ਬਿਨਾਂ ਮਾਸਕ ਤੋਂ ਨਜ਼ਰ ਆਈ ਪੈਟੀ ਹਾਜ਼ਦੂ

ਓਟਵਾ, 26 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਪੀਅਰਸਨ ਏਅਰਪੋਰਟ ਉੱਤੇ ਬਿਨਾਂ ਮਾਸਕ ਦੇ ਨਜ਼ਰ ਆਉਣ ਤੋਂ ਬਾਅਦ ਫੈਡਰਲ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਸਫਾਈ ਦਿੰਦਿਆਂ ਆਖਿਆ ਕਿ ਉਨ੍ਹਾਂ ਸਿਰਫ ਖਾਣਾ ਖਾਣ-ਪੀਣ ਲਈ ਹੀ ਆਪਣਾ ਮਾਸਕ ਉਤਾਰਿਆ ਸੀ।

ਜ਼ਿਕਰਯੋਗ ਹੈ ਕਿ ਹਾਜ਼ਦੂ ਦੀ ਬਿਨਾਂ ਮਾਸਕ ਵਾਲੀ ਪੋਸਟ ਅਲਬਰਟਾ ਦੇ ਐਡਵਾਂਸਡ ਐਜੂਕੇਸ਼ਨ ਮੰਤਰੀ ਦੇ ਅਖੌਤੀ ਸਹਾਇਕ ਵੱਲੋਂ ਐਤਵਾਰ ਸ਼ਾਮ ਨੂੰ ਟਵਿੱਟਰ ਉੱਤੇ ਪਾਈ ਗਈ ਸੀ। ਇਸ ਵਿੱਚ ਨਜ਼ਰ ਆ ਰਿਹਾ ਹੈ ਕਿ ਹਾਜ਼ਦੂ ਏਅਰਪੋਰਟ ਦੀ ਕੁਰਸੀ



ਉੱਤੇ ਬੈਠੀ ਹੈ ਤੇ ਉਨ੍ਹਾਂ ਕੋਲ ਸਮਾਨ ਪਿਆ ਹੈ ਤੇ ਉਹ ਜਾਂ ਤਾਂ ਗੱਲ ਕਰ ਰਹੀ ਹੈ ਤੇ ਜਾਂ ਫਿਰ ਮੁਸਕਰਾ ਰਹੀ ਹੈ।

ਹਾਜ਼ਦੂ ਵੱਲੋਂ ਦਿੱਤੇ ਗਏ ਜਵਾਬ ਮੁਤਾਬਕ ਉਨ੍ਹਾਂ ਵੱਲੋਂ ਨਿਯਮਾਂ ਦੀ ਉਲੰਘਣਾ ਨਹੀਂ ਕੀਤੀ ਗਈ ਹੈ ਜਦਕਿ ਉਨ੍ਹਾਂ ਦੇ ਕੋਲ ਖਾਣ ਪੀਣ ਲਈ ਕੋਈ ਵੀ ਸਮਾਨ ਨਜ਼ਰ ਨਹੀਂ ਆ ਰਿਹਾ, ਹਾਲਾਂਕਿ ਇੱਕ ਪੇਪਰ ਬੈਗ ਕੈਮਰੇ ਤੋਂ ਦੂਰ ਹਾਜ਼ਦੂ ਦੇ ਇੱਕ ਪਾਸੇ ਉੱਤੇ ਨਜ਼ਰ ਜ਼ਰੂਰ ਆ ਰਿਹਾ ਹੈ। ਇਸੇ ਤਰ੍ਹਾਂ ਦੀ ਹੀ ਇੱਕ ਘਟਨਾ ਜੁਲਾਈ ਵਿੱਚ ਹੋਈ ਸੀ ਤੇ ਉਸ ਸਮੇਂ ਤਤਕਾਲੀ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਤੇ ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਵੀ ਪੀਅਰਸਨ ਏਅਰਪੋਰਟ ਉੱਤੇ ਮਾਸਕ ਤੋਂ ਬਿਨਾਂ ਡਿਪਾਰਚਰ ਏਰੀਆ ਵਿੱਚ ਗੱਲਾਂ ਕਰਦੇ ਪਾਏ ਗਏ ਸਨ। ਬਾਅਦ ਵਿੱਚ ਪੈਲਿਸਤਰ ਵੱਲੋਂ ਮੁਆਫੀ ਵੀ ਮੰਗੀ ਗਈ ਸੀ।

# ਮੋਦੀ ਸਰਕਾਰ ਨੇ ਖੇਤੀ ਕਾਨੂੰਨ ਲਾਗੂ ਕਰਵਾਉਣ ਲਈ ਨਵਾਂ ਦਾਅ ਖੇਡਿਆ

*** ਪੰਜਾਬ ਨੂੰ ਮਾਲ ਗੱਡੀਆਂ ਦੀ ਆਵਾਜਾਈ ਉੱਤੇ ਸਮੁੱਚੀ ਰੋਕ ਲਾਗੂ * ਕੋਲੇ, ਖਾਦਾਂ ਅਤੇ ਹੋਰ ਸਮਾਨ ਦੀ ਪੰਜਾਬ ਵਿੱਚ ਘਾਟ ਦਾ ਡਰ ਪਿਆ**

ਚੰਡੀਗੜ੍ਹ, 26 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਹਰ ਹਾਲਤ ਲਾਗੂ ਕਰਨ ਉੱਤੇ ਅੜੀ ਹੋਈ ਨਰਿੰਦਰ ਮੋਦੀ ਸਰਕਾਰ ਨੇ ਨਵਾਂ ਦਾਅ ਖੇਡਿਆ ਅਤੇ ਪੰਜਾਬ ਵਿੱਚ ਮਾਲ ਗੱਡੀਆਂ ਨਾ ਚਲਾਉਣ ਦਾ ਫੈਸਲਾ ਕਰ ਲਿਆ ਹੈ। ਇਸ ਨਾਲ ਪੰਜਾਬ ਵਿੱਚ ਖਾਦ, ਕੋਲੇ ਅਤੇ ਹੋਰ ਸਾਮਾਨ ਦੀ ਘਾਟ ਆ ਸਕਦੀ ਹੈ ਅਤੇ ਗੁਦਾਮਾਂ ਵਿੱਚੋਂ ਅਨਾਜ ਦੀ ਚੁਕਾਈ ਵੀ ਨਹੀਂ ਹੋ ਸਕੇਗੀ, ਜਿਸ ਸਭ ਨਾਲ ਰਾਜ ਸਰਕਾਰ ਦੀਆਂ ਮੁਸ਼ਕਲਾਂ ਵਧ ਜਾਣਗੀਆਂ। ਮੋਦੀ ਸਰਕਾਰ ਦੀ ਇਸ ਚਾਲ ਤੋਂ ਪੰਜਾਬ ਦੇ ਕਿਸਾਨਾਂ ਨੂੰ ਹੋਰ ਗੁੱਸਾ ਚੜ੍ਹ ਗਿਆ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੇਂਦਰ ਸਰਕਾਰ ਦੇ ਇਸ ਨਵੇਂ ਫੈਸਲੇ ਦਾ ਵਿਰੋਧ ਕੀਤਾ ਹੈ।

ਵਰਨਣ ਯੋਗ ਹੈ ਕਿ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਜਦੋਂ ਪੰਜਾਬ ਵਿਧਾਨ ਸਭਾ ਨੇ ਵੀ ਤਿੰਨ ਬਿੱਲ ਪਾਸ ਕਰ ਦਿੱਤੇ ਸਨ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਉੱਤੇ ਕਿਸਾਨਾਂ ਨੇ ਪੰਜਾਬ ਵਿੱਚ ਮਾਲ ਗੱਡੀਆਂ ਚਲਾਉਣ ਲਈ ਪਟੜੀਆਂ ਤੋਂ ਧਰਨੇ ਚੁੱਕ ਲਏ ਹਨ। ਇਸ ਦੇ ਬਾਅਦ ਰੇਲਵੇ ਵਿਭਾਗ ਨੇ ਇਹ ਸ਼ਰਤ ਲਾ ਦਿੱਤੀ ਹੈ ਕਿ ਮੁਸਾਫਰ ਗੱਡੀਆਂ ਵੀ ਚਲਾਉਣ ਦਿੱਤੀਆਂ ਜਾਣ ਤੇ ਏਸੇ ਲਈ ਕੇਂਦਰ ਸਰਕਾਰ ਨੇ ਮਾਲ ਗੱਡੀਆਂ ਦੀ ਆਵਾਜਾਈ ਵੀ ਸਮੁੱਚੀ ਬੰਦ ਕਰ ਦਿੱਤੀ ਹੈ। ਕੇਂਦਰੀ ਰੇਲ ਮੰਤਰਾਲੇ ਨੇ 23 ਅਕਤੂਬਰ ਦੀ ਰਾਤ ਚੁੱਪ-ਚੁਪੀਤੇ ਸਾਰੇ ਦੇਸ਼ ਵਿੱਚ ਰੇਲਵੇ ਦੇ ਉੱਚ ਅਧਿਕਾਰੀਆਂ ਨੂੰ ਸਪੱਸ਼ਟ ਜ਼ੁਬਾਨੀ ਸੁਨੇਹੇ ਭੇਜ ਦਿੱਤੇ ਕਿ ਪੰਜਾਬ ਵਿੱਚ ਮਾਲ ਗੱਡੀਆਂ ਦੀ ਆਵਾਜਾਈ ਬੰਦ ਕਰ ਦਿੱਤੀ ਜਾਵੇ ਅਤੇ ਜਿਹੜੀਆਂ ਮਾਲ ਗੱਡੀਆਂ ਇਸ ਵੇਲੇ ਪੰਜਾਬ ਵਿੱਚ ਹਨ, ਉਨ੍ਹਾਂ ਨੂੰ ਵਾਪਸ ਸੱਦਣ ਲਈ ਆਖ ਦਿੱਤਾ ਹੈ।

ਇਸ ਦੌਰਾਨ ਕੋਲੇ ਦੇ ਸੰਕਟ ਕਰਕੇ ਰਾਜਪੁਰਾ ਥਰਮਲ ਪਲਾਂਟ ਦਾ ਇੱਕੋ ਯੂਨਿਟ ਚੱਲ ਰਿਹਾ ਹੈ, ਤਲਵੰਡੀ ਸਾਬੋ ਦੇ ਤਿੰਨ ਤੇ ਗੋਇੰਦਵਾਲ ਸਾਹਿਬ ਦੀਆਂ ਦੋਵੇਂ ਯੂਨਿਟਾਂ ਬੰਦ ਹੋ ਚੁੱਕੇ ਹਨ। ਪੰਜਾਬ ਪਾਵਰਕੌਮ ਦੇ ਆਪਣੇ ਥਰਮਲ ਰੋਪੜ ਤੇ ਲਹਿਰਾ ਮੁਹੱ-ਬਤ ਹਾਲੇ ਬਿਜਲੀ ਦੀ ਮੰਗ ਘੱਟ ਹੋਣ ਕਾਰਨ ਬੰਦ ਹਨ, ਪਰ ਮੁੜ ਕੇ ਚਲਾਉਣਲਈ ਇਨ੍ਹਾਂ ਕੋਲ ਵੱਧ ਤੋਂ ਵੱਧ ਤਿੰਨ-ਚਾਰ ਦਿਨ ਜੋਗਾ ਕੋਲੇ ਦਾ ਸਟਾਕ ਹੈ।ਇਸ ਦੌਰਾਨ ਖੇਤਾਂ ਲਈ ਖਾਦਾਂ ਦੀ ਸਪਲਾਈ ਵੀ ਪ੍ਰਭਾਵਤ ਹੋਵੇਗੀ। ਕਿਸਾਨ ਲੀਡਰਾਂ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਵਿੱਚ ਬਿਜਲੀ ਅਤੇ ਖਾਦ ਦਾ ਸੰਕਟ ਬਣਾ ਕੇ ਕਿਸਾਨ ਜਥੇਬੰਦੀਆਂ ਨੂੰ ਬਦਨਾਮ ਕਰਨਾ ਚਾਹੁੰਦੀ ਹੈ।

# ਰਾਵਣ ਦੀ ਥਾਂ ਪ੍ਰਧਾਨ ਮੰਤਰੀ ਦੇ ਪੁਤਲੇ ਫੂਕੇ ਜਾਣ ਉੱਤੇ ਸਿਆਸਤ ਵਿੱਚ ਗਰਮੀ ਭੜਕੀ

*** ਆਪਸੀ ਦੂਸ਼ਣਬਾਜ਼ੀ ਦਾ ਨਵਾਂ ਸਿਲਸਿਲਾ ਸ਼ੁਰੂ**

ਚੰਡੀਗੜ੍ਹ, 26 ਅਕਤੂਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾ ਰਦੇ ਖੇਤੀ ਕਾਨੂੰਨਾਂ ਦੇ ਖਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦਾ ਗੁੱਸਾ ਦੁਸ਼ਹਿਰੇ ਮੌਕੇ ਵੇਖਣ ਨੂੰ ਮਿਲਿਆ ਹੈ। ਕਈ ਥਾਂਈਂ ਰਾਵਣ ਦੇ ਪੁਤਲਿਆਂ ਦੀ ਥਾਂ ਪ੍ਰਧਾਨ ਮੰਤਰੀ ਮੋਦੀ ਦੇ ਪੁਤਲੇ ਫੂਕੇ ਗਏ ਤਾਂ ਇਸ ਦੇ ਬਾਅਦ ਸਿਆਸਤ ਵਿੱਚ ਗਰਮੀ ਭੜਕ ਪਈ ਹੈ।



ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਵਲੋਂ ਇਸ ਮੁੱਦੇ ਉੱਤੇ ਕੀਤੇ ਗਏ ਇੱਕ ਟਵੀਟ ਪਿੱਛੋਂ ਭਾਜਪਾ ਆਗੂਆਂ ਨੇ ਮੋੜਵਾਂ ਵਾਰ ਕਰਦਿਆਂ ਕਾਂਗਰਸ ਉੱਤੇਜ਼ੋਰਦਾਰ ਨਿਸ਼ਾਨੇ ਮਾਰੇ ਹਨ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਟਵੀਟ ਜਾਰੀ ਕਰ ਕੇ ਕਿਹਾ ਸੀ, “ਕੱਲ੍ਹ ਇਹ ਪੂਰੇ ਪੰਜਾਬ ਵਿੱਚ ਹੋਇਆ, ਇਹ ਬਹੁਤ ਦੁਖਦਾਈ ਹੈ ਕਿ ਪੂਰਾ ਪੰਜਾਬ ਪ੍ਰਧਾਨ ਮੰਤਰੀ ਮੋਦੀ ਤੋਂ ਇੰਨਾ ਗੁੱਸੇ ਹੈ। ਇਹ ਬੜੀ ਖ਼ਤਰਨਾਕ ਮਿਸਾਲ ਹੈ ਤੇ ਸਾਡੇ ਦੇਸ਼ ਲਈ ਬੁਰੀ ਹੈ। ਪ੍ਰਧਾਨ ਮੰਤਰੀ ਨੂੰ ਇਨ੍ਹਾਂ ਲੋਕਾਂ ਨਾਲ ਗੱਲ ਕਰਨੀ ਚਾਹੀਦੀ, ਇਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਤੇ ਮਦਦ ਦੇਣੀ ਚਾਹੀਦੀ ਹੈ।’ ਇਸ ਦੇ ਬਾਅਦ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਨੇ ਪ੍ਰਧਾਨ ਮੰਤਰੀ ਦੇ ਪੁਤਲੇ ਫੂਕਣ ਵਾਲਿਆਂ ਪਿਛੇ ਰਾਹੁਲ ਗਾਂਧੀ ਦਾ ਹੱਥ ਦਸਿਆ ਹੈ। ਉਨ੍ਹਾ ਟਵੀਟਜਾਰੀ ਕੀਤਾ ਹੈ ਕਿ ‘ਰਾਹੁਲ ਗਾਂਧੀ ਦੇ ਨਿਰਦੇਸ਼ਾਂ ਉੱਤੇ ਪੰਜਾਬ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਣ ਦਾ ਸ਼ਰਮਨਾਕ ਡਰਾਮਾ ਹੋਇਆ, ਪਰ ਉਨ੍ਹਾਂ ਨੂੰ ਅਜਿਹੀਆਂ ਆਸਾਂ ਸਨ। ਨਹਿਰੂ-ਗਾਂਧੀ ਖ਼ਾਨਦਾਨ ਨੇ ਕਦੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਨਮਾਨ ਨਹੀਂ ਕੀਤਾ। ਯੂਪੀਏ ਸਰਕਾਰ ਵੇਲੇ 2004-2014 ਦੇ ਦੌਰਾਨ ਪ੍ਰਧਾਨ ਮੰਤਰੀ ਦਾ ਅਹੁਦਾ ਸੰਸਥਾਗਤ ਤੌਰ ਉੱਤੇ ਕਮਜ਼ੋਰ ਹੋ ਗਿਆ ਸੀ।’

ਵਰਣਨ ਯੋਗ ਹੈ ਕਿ ਕੇਂਦਰ ਦੇ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਦੇ ਕਿਸਾਨ ਸੜਕਾਂ ਉੱਤੇ ਹਨ। ਕਿਸਾਨ ਆਗੂਆਂ ਦੀ ਦਿੱਲੀ ਵਿੱਚ ਗੱਲਬਾਤ ਫੇਲ੍ਹ ਹੋਣ ਪਿੱਛੋਂ ਬੇਰੰਗ ਵਾਪਸੀ ਤੋਂ ਬਾਅਦ ਉਨ੍ਹਾਂ ਨੇ ਸੰਘਰਸ਼ ਤੇਜ਼ ਕਰਦਿਆਂ ਰੇਲ ਲਾਈਨਾਂ ਅਤੇ ਟੌਲ ਪਲਾਜ਼ਿਆ ਉੱਤੇ ਧਰਨੇ ਪ੍ਰਦਰਸ਼ਨ ਸ਼ੁਰੂ ਕਰ ਲਏ ਹਨ। ਇਕ ਪਾਸੇ ਉਨ੍ਹਾਂ ਵਲੋਂ ਭਾਜਪਾ ਆਗੂਆਂ ਦਾ ਘਿਰਾਉ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਭਾਜਪਾ ਆਗੂ ਪੰਜਾਬ ਅੰਦਰ ਸਰਗਰਮੀਆਂ ਵਧਾਉਣ ਦੀ ਕੋਸ਼ਿਸ਼ ਵਿੱਚ ਹਨ। ਪਿਛਲੇ ਦਿਨਾਂ ਦੇ ਦੌਰਾਨ ਦਲਿਤਾਂ ਦੇ ਹੱਕ ਵਿੱਚ ਭਾਜਪਾ ਆਗੂਆਂ ਨੇ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਉੱਤੇਹਾਰ ਪਹਿਨਾਉਣ ਵਾਸਤੇ ਪ੍ਰੋਗਰਾਮ ਰੱਖਿਆ ਤਾਂ ਇਸ ਦੀ ਵੱਡੀ ਵਿਰੋਧਤਾ ਹੋਈ ਸੀ। ਫਿਰ ਕੇਂਦਰ ਦੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਵਲੋਂ ਪ੍ਰਦਰਸ਼ਨ ਕਰਦੇ ਕਿਸਾਨਾਂ ਨੂੰ ਵਿਚੋਲੇ ਤੇ ਦਲਾਲ ਕਹਿਣ ਪਿੱਛੋਂ ਕਿਸਾਨਾਂਦੀ ਨਰਾਜ਼ਗੀ ਹੋਰ ਵੱਧ ਗਈ। ਪਿੱਛੋਂ ਪ੍ਰਧਾਨ ਮੰਤਰੀ ਮੋਦੀ ਨੇ ਵੀ ਕਿਸਾਨਾਂ ਦੇ ਪ੍ਰਦਰਸ਼ਨਾਂ ਨੂੰ ਵਿਚੋਲਿਆਂ ਨੂੰ ਬਚਾਉਣ ਦੀ ਕਾਰਵਾਈ ਕਹਿ ਦਿਤਾ ਤਾਂ ਕਿਸਾਨ ਹੋ ਭੜਕ ਪਏ।ਇਸ ਦੇ ਬਾਅਦ ਦੁਸ਼ਹਿਰੇ ਮੌਕੇ ਕਿਸਾਨਾਂ ਨੇ ਪ੍ਰਧਾਨ ਮੰਤਰੀ ਮੋਦੀ ਤੇ ਕਾਰਪੋਰੇਟ ਘਰਾਣਿਆਂ ਦੇ ਪੁਤਲੇ ਫੂਕੇ ਤਾਂ ਇਸ ਨੂੰ ਇਸੇ ਦਾ ਪ੍ਰਤੀਕਰਮ ਮੰਨਿਆ ਜਾ ਰਿਹਾ ਹੈ। ਉਸ ਦੇ ਬਾਅਦ ਕੇਂਦਰ ਸਰਕਾਰ ਨੇ ਪੰਜਾਬ ਵੱਲਰੇਲ ਆਵਾਜਾਈ ਮੁਕੰਮਲ ਬੰਦ ਕਰ ਕੇ ਮਸਲਾ ਹੋਰ ਉਲਝਾ ਦਿਤਾ ਹੈ। ਦੋਵੇਂ ਧਿਰਾਂ ਦੇ ਅੜੀ ਉੱਤੇ ਰਹਿਣ ਨਾਲ ਤਨਾਅ ਵਧਣ ਦੇ ਆਸਾਰ ਹਨ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.


**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.


**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**


Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# MARVES HARDWOOD FLOORING

Services:
Fence - Hardwood Flooring
Stairs - Small Renovation

John
416-787-6551



UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

→ Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

→ Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

## Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca








# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

## FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

# ਚੰਗੇ ਵੇਲਿਆਂ ਦੀਆਂ ਯਾਦਾਂ

-ਸੁਪਿੰਦਰ ਸਿੰਘ ਰਾਣਾ

ਮੈਂ ਜਦੋਂ ਬੀ ਏ ਫਾਈਨਲ ਵਿੱਚ ਪੜ੍ਹਦਾ ਸੀ ਤਾਂ ਮਾਂ ਵਿਆਹ ਲਈ ਜ਼ੋਰ ਪਾਉਣ ਲੱਗੀ। ਮੈਂ ਕਿਹਾ ਕਿ ਅਜੇ ਮੈਨੂੰ ਦੋ ਸਾਲ ਹੋਰ ਪੜ੍ਹ ਲੈਣ ਦਿਓ, ਫੇਰ ਜਿੱਥੇ ਤੁਸੀਂ ਕਹੋਗੇ ਉਥੇ ਵਿਆਹ ਕਰਵਾ ਲਵਾਂਗਾ। ਮਾਂ ਕਹਿਣ ਲੱਗੀ, ''ਜਿਨ੍ਹਾਂ ਦੇ ਮੇਰੇ ਨਾਲ ਵਿਆਹ ਹੋਏ ਸਨ, ਉਹ ਅੱਜ ਪੋਤੇ-ਪੋਤੀਆਂ ਤੇ ਦੋਹਤਿਆਂ ਨਾਲ ਖੇਡ ਰਹੀਆਂ ਹਨ। ਜੇ ਤੇਰੇ ਚਾਰੋਂ ਭਰਾ ਅੱਜ ਹੁੰਦੇ ਤਾਂ ਮੈਂ ਕੀਹਦੀ ਪਾਣੀਹਾਰ ਸੀ।'' ਇੰਨਾ ਕਹਿੰਦਿਆਂ ਮਾਂ ਦੀਆਂ ਅੱਖਾਂ ਨਮ ਹੋ ਗਈਆਂ। ਮੈਂ ਮਾਂ ਦੇ ਅੱਥਰੂ ਪੂੰਝੇ ਤੇ ਕਿਹਾ, ''ਜਿਵੇਂ ਮਾਤਾ ਤੇਰੀ ਮਰਜ਼ੀ ਹੈ। ਉਵੇਂ ਹੀ ਹੋਵੇਗਾ।''

ਮੈਨੂੰ ਮਾਸੀਆਂ ਅਤੇ ਮਾਮੀਆਂ ਨੇ ਦੱਸਿਆ ਹੋਇਆ ਸੀ ਕਿ ਤੇਰੇ ਤੋਂ ਪਹਿਲਾਂ ਤੇਰੇ ਚਾਰ ਭਰਾ ਸਨ, ਜੋ ਕੁਝ ਸਮੇਂ ਮਗਰੋਂ ਪੂਰੇ ਹੋ ਗਏ ਸਨ। ਇਸ ਗੱਲ ਦਾ ਮਾਂ ਨੂੰ ਬਹੁਤ ਝੋਰਾ ਸੀ। ਮਾਮੇ ਦਾ ਮੁੰਡਾ ਕੁਲਵੀਰ ਮੇਰਾ ਹਾਣੀ ਸੀ। ਉਹਦਾ ਪਿਛਲੇ ਸਾਲ ਵਿਆਹ ਹੋ ਗਿਆ। ਕੁਝ ਦਿਨਾਂ ਮਗਰੋਂ ਮੇਰੀ ਸਿੱਧੂਪੁਰ ਵਾਲੀ ਭੂਆ ਦੀ ਵੱਡੀ ਨੂੰਹ ਨੇ ਆਪਣੇ ਗੁਆਂਢ ਦੀ ਕੁੜੀ ਦੀ ਦੱਸ ਮਾਤਾ ਜੀ ਨੂੰ ਪਾ ਦਿੱਤੀ। ਹੌਲੀ-ਹੌਲੀ ਗੱਲ ਚੱਲੀ ਤੇ ਫੋਟੋਆਂ ਦਾ ਆਦਾਨ ਪ੍ਰਦਾਨ ਹੋ ਗਿਆ। ਫੋਟੋ ਦੇਖ ਕੇ ਮਾਂ ਨੂੰ ਕੁੜੀ ਪਸੰਦ ਆ ਗਈ। ਮੇਰੀ ਮਾਂ ਨੇ ਮੇਰੇ ਵਿਚਾਰ ਜਾਨਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਮੈਂ ਹਰ ਵਾਰੀ ਆਖ ਦਿੰਦਾ, ''ਮਾਂ, ਜੋ ਤੁਸੀਂ ਮੇਰੇ ਲਈ ਕਰੋਗੇ ਚੰਗਾ ਹੀ ਕਰੋਗੇ ਤੇ ਅੱਜ ਤੱਕ ਤੁਸੀਂ ਮੇਰੇ ਬਾਰੇ ਕੋਈ ਮਾੜਾ ਫੈਸਲਾ ਤਾਂ ਕੀਤਾ ਨਹੀਂ।'' ਕੁੜੀ ਵਾਲੇ ਕਈ ਰਿਸ਼ਤੇਦਾਰ ਸਾਡਾ ਘਰ-ਬਾਰ ਤੇ ਮੈਨੂੰ ਦੇਖ ਕੇ ਚਲੇ ਗਏ। ਅੱਗੋਂ ਸਾਡੀ ਵਾਰੀ ਸੀ। ਮੈਂ ਆਪਣੀ ਮਾਂ ਨੂੰ ਕਿਹਾ ਹੋਇਆ ਸੀ ਕਿ ਜਿੱਥੇ ਵੀ ਜਾਣਾ, ਕੁੜੀ ਦੇਖ ਕੇ ਨਾਂਹ ਨਹੀਂ ਕਰਨੀ। ਮੇਰੇ ਤਾਇਆ ਜੀ ਨੇ ਆਪਣੇ ਹਰ ਬੱਚੇ ਦੇ ਵਿਆਹ ਤੋਂ ਪਹਿਲਾਂ ਕਈ ਵਾਰ ਰਿਸ਼ਤੇ ਛੱਡੇ ਸਨ। ਇਸ ਕਾਰਨ ਕਈ ਰਿਸ਼ਤੇਦਾਰ ਕਈ ਵਾਰ ਤਾਇਆ ਜੀ ਦਾ ਮਖੌਲ ਉਡਾਉਂਦੇ ਸਨ। ਮੈਂ ਚਾਹੁੰਦਾ ਸੀ ਕਿ ਅਜਿਹੇ ਕੰਮ ਵਿੱਚ ਸਾਡੇ ਘਰ ਦੀ ਬਦਨਾਮੀ ਨਾ ਹੋਵੇ। ਮੇਰੇ ਮਾਪੇ ਜਾ ਕੇ ਕੁੜੀ ਦੇਖ ਆਏ। ਉਹ ਘਰ ਆ ਕੇ ਕਹਿਣ ਲੱਗੇ, ''ਸਾਨੂੰ ਤਾਂ ਕੁੜੀ ਪਸੰਦ ਹੈ।'' ਇੱਕ ਦਿਨ ਮੁਕੱਰਰ ਕਰ ਕੇ ਤਿੰਨ ਚਾਰ ਰਿਸ਼ਤੇਦਾਰ ਤੇ ਸਾਡਾ ਪਰਵਾਰ ਕੁੜੀ ਨੂੰ ਸ਼ਗਨ ਪਾ ਆਏ।

ਵਿਆਹ ਲਈ ਪਿਤਾ ਜੀ ਨੇ ਕੁੜੀ ਵਾਲਿਆਂ ਨੂੰ ਕਹਿ ਦਿੱਤਾ ਕਿ ਅਜੇ ਮੁੰਡਾ ਬੀ ਏ ਫਾਈਨਲ ਕਰਦਾ ਹੈ, ਅਗਲੇ ਸਾਲ ਪੜ੍ਹਾਈ ਪੂਰੀ ਹੋਣ ਪਿੱਛੋਂ ਵਿਆਹ ਕਰ ਲਵਾਂਗੇ। ਹੌਲੀ-ਹੌਲੀ ਸਮਾਂ ਆਪਣੀ ਤੋਰ ਤੁਰਨ ਲੱਗਾ। ਛੇ ਕੁ ਮਹੀਨੇ ਗੁਜ਼ਰੇ ਸਨ ਕਿ ਕੁੜੀ ਵਾਲਿਆਂ ਨੇ ਵਿਆਹ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਪਿਤਾ ਜੀ ਨੇ ਵਿਚੋਲੇ ਨੂੰ ਕਿਹਾ ਕਿ ਉਨ੍ਹਾਂ ਨੂੰ ਕਿਹਾ ਸੀ ਕਿ ਅਗਲੇ ਸਾਲ ਵਿਆਹ ਕਰ ਲਵਾਂਗਾ, ਉਨ੍ਹਾਂ ਨੂੰ ਕੀ ਕਾਹਲੀ ਪੈ ਗਈ। ਸਿੱਧੂਪੁਰ ਵਾਲੀ ਭੂਆ ਦਾ ਮੁੰਡਾ ਤੇ ਭਾਬੀ ਦੋਵੇਂ ਵਿਚੋਲੇ ਸਨ। ਉਹ ਆਖਣ ਲੱਗੇ ਕਿ ਕੁੜੀ ਆਲੇ ਆਖਦੇ ਨੇ ਬਈ ਰਿਸ਼ਤੇਦਾਰ ਕਹਿੰਦੇ ਨੇ ਕਿ ਮੁੰਡੇ ਵਾਲਿਆਂ ਨੇ ਰਿਸ਼ਤਾ ਛੱਡ ਦੇਣਾ ਹੈ, ਕਿਉਂਕਿ ਮੁੰਡੇ ਦੇ ਤਾਏ ਨੇ ਆਪਣੇ ਨਿਆਣਿਆਂ ਦੇ ਰਿਸ਼ਤੇ ਕਈ ਵਾਰ ਛੱਡੇ ਹਨ। ਪਿਤਾ ਜੀ ਨੇ ਬਥੇਰਾ ਕਿਹਾ ਕਿ ਮੇਰੀ ਅਤੇ ਮੇਰੇ ਭਰਾ ਦੀ ਜ਼ੁਬਾਨ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਉਸ ਦਿਨ ਵਿਚੋਲੇ ਚਲੇ ਗਏ।

ਅਜੇ ਦਸ ਪੰਦਰਾਂ ਦਿਨ ਲੰਘੇ ਸਨ ਕਿ ਉਹ ਫੇਰ ਆ ਗਏ ਤੇ ਵਿਆਹ ਦੀ ਗੱਲ ਕਰਨ ਲੱਗੇ। ਪੇਸ਼ ਨਾ ਜਾਂਦੀ ਦੇਖ ਮਾਪਿਆਂ ਨੇ ਵਿਆਹ ਕਰਨ ਦੀਆਂ ਸਲਾਹਾਂ ਸ਼ੁਰੂ ਕਰ ਦਿੱਤੀਆਂ। ਮੈਂ ਆਪਣੀ ਮਾਂ ਨੂੰ ਬਥੇਰਾ ਕਿਹਾ ਕਿ ਮੈਨੂੰ ਬੀ ਏ ਤਾਂ ਕਰ ਲੈਣ ਦਿਓ, ਫੇਰ ਚਾਹੇ ਅਗਲੇ ਦਿਨ ਵਿਆਹ ਦਿਓ। ਉਹ ਕਹਿਣ ਲੱਗੀ, ''ਪੁੱਤ ਅਸੀਂ ਮੰਨਦੇ ਹਾਂ, ਪਰ ਰਿਸ਼ਤੇਦਾਰ ਨਹੀਂ ਮੰਨ ਰਹੇ।'' ਬੀ ਏ ਫਾਈਨਲ ਦੇ ਪੇਪਰਾਂ ਤੋਂ ਦਸ ਕੁ ਦਿਨ ਪਹਿਲਾਂ ਮੇਰਾ ਵਿਆਹ ਨਿਸ਼ਚਿਤ ਹੋ ਗਿਆ। ਇੱਕ ਪਾਸੇ ਮੈਨੂੰ ਪੜ੍ਹਾਈ ਦਾ ਡਰ, ਦੂਜਾ ਅਜੇ ਕਿਤੇ ਨੌਕਰੀ ਨਾ ਲੱਗਣ ਉਤੇ ਆਉਣ ਵਾਲਾ ਖਰਚ ਮੈਨੂੰ ਸਤਾ ਰਿਹਾ ਸੀ। ਵਿਆਹ ਤੋਂ ਕੁਝ ਦਿਨ ਪਹਿਲਾਂ ਦਾਦੀ ਪੂਰੀ ਹੋ ਗਈ। ਮੈਨੂੰ ਜਾਪਦਾ ਸੀ ਕਿ ਸ਼ਾਇਦ ਇਹ ਵਿਆਹ ਅੱਗੇ ਪੈ ਜਾਵੇ। ਰਿਸ਼ਤੇਦਾਰਾਂ ਨੇ ਆਪਸ ਵਿੱਚ ਸਲਹ ਕੀਤੀ ਕਿ ਸਾਹਾ ਬੰਨ੍ਹਿਆ ਹੋਇਆ ਹੈ ਤੇ ਵਿਆਹ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ, ਇਸ ਲਈ ਕਾਰਜ ਅੱਗੇ ਨਾ ਪੈਣ ਦਿਓ। ਮਿੱਥੀ ਤਰੀਕ ਨੂੰ ਵਿਆਹ ਹੋ ਗਿਆ। ਉਸ ਤੋਂ ਦੂਜੇ ਦਿਨ ਮੇਰੀ ਪਤਨੀ ਦੇ ਭਰਾ ਦਾ ਵਿਆਹ ਸੀ। ਉਹ ਕਾਰਜ ਵੀ ਰੌਲੇ ਰੱਪੇ ਤੋਂ ਬਿਨਾਂ ਸਮਾਪਤ ਹੋ ਗਿਆ। ਆਉਣ ਵੇਲੇ ਮੈਂ ਆਪਣੀ ਪਤਨੀ ਨੂੰ ਉਸ ਦੇ ਪੇਕੇ ਛੱਡ ਆਇਆ। ਮੈਂ ਆਪਣੀ ਮਾਤਾ ਜੀ ਨੂੰ ਕਿਹਾ ਹੋਇਆ ਸੀ ਕਿ ਮੈਂ ਇਮਤਿਹਾਨਾਂ ਤੋਂ ਮਗਰੋਂ ਤੇਰੀ ਨੂੰਹ ਨੂੰ ਲੈ ਆਵਾਂਗਾ। ਅਗਲੇ ਦਿਨ ਮੈਂ ਪੇਪਰਾਂ ਦੀ ਤਿਆਰੀ ਵਿੱਚ ਜੁਟ ਗਿਆ। ਵਿਆਹ ਮਗਰੋਂ ਮਾਪਿਆਂ ਦੇ ਕੁਝ ਦਿਨ ਰਿਸ਼ਤੇਦਾਰਾਂ ਨੂੰ ਭਾਜੀ ਦਿੰਦਿਆਂ ਲੰਘ ਗਏ। ਫੇਰ ਕਈ ਰਿਸ਼ਤੇਦਾਰ ਸਾਡੇ ਘਰ ਆਉਣ ਲੱਗੇ ਤੇ ਸੂਹ ਲੈਣ ਲੱਗੇ ਕਿ ਇਨ੍ਹਾਂ ਨੇ ਬਹੂ ਨੂੰ ਲਿਆਉਣਾ ਹੈ ਜਾਂ ਨਹੀਂ। ਕਈ ਆ ਕੇ ਮੇਰੀ ਮਾਂ ਨੂੰ ਕਹਿਣ ਲੱਗੇ, ''ਕੁੜਮਾਂ ਨੇ ਜੰਞ ਦੀ ਸੇਵਾ ਚੱਜ ਨਾਲ ਨੀਂ ਕੀਤੀ। ਛੱਡ ਪਰ੍ਹੇ ਬੀਬੀ ਅਜਿਹੇ ਬੰਦਿਆਂ ਨੂੰ। ਮੁੰਡੇ ਖਾਤਰ ਹੋਰ ਇਸ ਤੋਂ ਵਧੀਆ ਕੁੜੀ ਲੱਭ ਦਿੰਦੇ ਹਾਂ।'' ਇਹ ਗੱਲਾਂ ਮਾਂ ਨੇ ਮੇਰੇ ਨਾਲ ਰੋਜ਼ ਸ਼ਾਮ ਨੂੰ ਕਰਨੀਆਂ ਕਿ ਫਲਾਣਾ ਰਿਸ਼ਤੇਦਾਰ ਇਹ ਕਹਿੰਦਾ ਸੀ ਤੇ ਫਲਾਣਾ ਉਹ। ਕਈ ਸਕੇ ਸੰਬੰਧੀ ਚੰਗੇ ਵੀ ਸਨ, ਜੋ ਚੰਗੀਆਂ ਸਲਾਹਾਂ ਦਿੰਦੇ ਸਨ। ਕਈ ਵਾਰ ਮੇਰੇ ਸਹੁਰੇ ਘਰੋਂ ਕੋਈ ਆ ਜਾਂਦਾ ਤੇ ਸੂਹ ਲੈਣ ਦੀ ਕੋਸ਼ਿਸ਼ ਕਰਦਾ। ਮੇਰੇ ਪਿਤਾ ਜੀ ਨੇ ਘਰ ਆਏ ਰਿਸ਼ਤੇਦਾਰਾਂ ਨੂੰ ਇਹੀ ਸਮਝਾਇਆ ਕਿ ਤੁਸੀਂ ਫਿਕਰ ਨਾ ਕਰੋ ਮੁੰਡੇ ਦੇ ਪੇਪਰ ਖਤਮ ਹੋ ਲੈਣ ਦਿਓ, ਉਹ ਬਹੂ ਨੂੰ ਲੈ ਕੇ ਆਵੇਗਾ। ਪੇਪਰ ਵੀ ਡੇਢ ਮਹੀਨਾ ਚੱਲੇ।

ਇਸ ਦੌਰਾਨ ਦੋਵਾਂ ਘਰਾਂ ਵਿੱਚ ਕਈ ਉਤਰਾਅ ਚੜ੍ਹਾਅ ਆਏ। ਸਹੁਰਿਆਂ ਤੋਂ ਆਏ ਕਈ ਰਿਸ਼ਤੇਦਾਰ ਗਰਮ ਵੀ ਹੋ ਗਏ। ਮੈਂ ਕਈ ਵਾਰ ਕਹਿਣਾ, ''ਮੇਰੇ ਪੇਪਰ ਹੋ ਲੈਣ ਦਿਓ। ਬਾਅਦ ਵਿੱਚ ਗੱਲ ਕਰਾਂਗੇ।'' ਪੇਪਰ ਖਤਮ ਹੋਏ ਤਾਂ ਮੈਂ ਅਤੇ ਨਾਨਾ ਜੀ ਮੇਰੇ ਸਹੁਰੇ ਘਰ ਗਏ। ਰੋਟੀ ਪਾਣੀ ਖਾਣ ਪੀਣ ਤੋਂ ਬਾਅਦ ਨਾਨਾ ਜੀ ਨੇ ਕਿਹਾ, ''ਬਹੂ ਨੂੰ ਤਿਆਰ ਕਰੋ ਭਾਈ, ਅਸੀਂ ਲੈ ਕੇ ਜਾਣਾ ਹੈ।'' ਪਰਵਾਰ ਵਾਰੇ ਸਾਰੇ ਹੱਕੇ ਬੱਕੇ ਰਹਿ ਗਏ। ਉਨ੍ਹਾਂ ਵੀ ਤਿਆਰੀ ਨੂੰ ਕੋਈ ਬਹੁਤਾ ਸਮਾਂ ਨਾ ਲਾਇਆ। ਸ਼ਾਮ ਨੂੰ ਨਾਨਾ ਜੀ, ਮੈਂ ਅਤੇ ਮੇਰੀ ਪਤਨੀ ਆਪਣੇ ਘਰ ਆ ਗਏ। ਰਿਸ਼ਤੇਦਾਰਾਂ ਦੇ ਨਾਲ-ਨਾਲ ਮੁਹੱਲੇ ਵਾਲੇ ਵੀ ਹੈਰਾਨ ਰਹਿ ਗਏ। ਕਈ ਦਿਨਾਂ ਬਾਅਦ ਮੇਰੀ ਪਤਨੀ ਨੇ ਦੱਸਿਆ ਕਿ ਵਿਆਹ ਮਗਰੋਂ ਸਾਨੂੰ ਇਹ ਲੱਗਦਾ ਸੀ ਕਿ ਤੁਸੀਂ ਮੈਨੂੰ ਲੈ ਕੇ ਨਹੀਂ ਜਾਣਾ। ਇਸ ਕਾਰਨ ਰਿਸ਼ਤੇਦਾਰ ਵਕੀਲਾਂ ਦੀਆਂ ਸਲਾਹਾਂ ਦੇਣ ਲੱਗੇ ਸਨ। ਵਿਆਹ ਨੂੰ ਛੱਬੀ ਸਾਲ ਬੀਤ ਗਏ ਹਨ। ਜਦੋਂ ਵੀ ਵਿਆਹ ਦੀ ਵਰ੍ਹੇਗੰਢ ਆਉਂਦੀ ਹੈ ਤਾਂ ਸੋਚ ਕੇ ਹਾਸਾ ਆਉਂਦਾ ਹੈ। ਇਹ ਵੀ ਲੱਗਦਾ ਹੈ, ਜੇ ਦੋਵੇਂ ਪਰਵਾਰ ਲੋਕਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਤਾਂ ਅੱਜ ਸਾਡਾ ਹੱਸਦਾ ਵਸਦਾ ਪਰਵਾਰ ਨਾ ਹੁੰਦਾ।

# Engaging your children in arts and crafts -a tale of creativity





By: Surjit Singh Flora

The next time you see your child coloring, drawing pictures or making things with paper, don't ask: "What are you doing?"

This child may just let his creativity flow without any special ideas to consider. They are not afraid of anything and are not aware of the end result.

As a parent, you should remember that coloring outside of lines is a beautiful art. Engaging in arts and crafts is essential to children's lives.

Enhance motor skills: When children are engaged in handicrafts, they will use their fingers to color, draw, cut and paint.

Their grip on things is greatly improved, and the use of small muscles in their hands increases, leading to motor skills and coordination.

Improve self-esteem: Children will feel proud and satisfied after they finish drawing or coloring the picture book. It has increased their confidence and confidence in themselves and their abilities.

Not only that, but arts and crafts can also enable children to improve their vocabulary by learning the names of the materials used and the shapes they create.

They started to use the words they knew in the sentence, which also improved their pronunciation skills.

In addition, arts and crafts can also enable children to develop and enhance their creativity. They have the opportunity to explore, innovate and create new things. The more artworks they produce, the greater their creativity.

When children see something, like a picture, shape, or thing, they will try to create a copy of it. For this, they will have to remember the appearance to be drawn. It improves the design and memory in their minds.

Here's one of the creative activities coloured by Gurleen Flora, a grade 6 student in Brampton Canada ; she did a great job to shape the shoe and show her artistic talent. And she got 4/4 marks and a smiling face.

''ਮੈਨੂੰ ਕੀ ਪਤਾ ਸੀ ਪੁੱਤ, ਪਿਓ ਤੇਰਾ ਇਸ ਤਰ੍ਹਾਂ ਵਰ੍ਹੇਗਾ, ਮੈਂ ਤਾਂ ਸੋਚਿਆ ਕਿ ਚੱਲ ਨਿਆਣੇ ਮੂੰਹ ਮਿੱਠਾ ਕਰ ਲੈਣਗੇ, ਪਰ... ਇਸ ਨੂੰ ਪਤਾ ਨਹੀਂ ਕਿੱਥੋਂ ਭਿਣਕ ਪੈ ਗੀ?'' ਰਾਹੁਲ ਦੀ ਮਾਂ ਚੁੰਨੀ ਨਾਲ ਪਸੀਨਾ ਪੂੰਝਦੀ ਹੋਈ ਰਾਹੁਲ ਦੇ ਸਿਰ 'ਤੇ ਹੱਥ ਫੇਰਦਿਆਂ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ।

ਰਾਹੁਲ ਆਪਣੇ ਘਰ ਤੋਂ ਥੋੜ੍ਹਾ ਹਟਵੇਂ ਇੱਕ ਢੱਠੇ ਜਿਹੇ ਖੋਲ਼ੇ ਵਿੱਚ ਆਪਣੀ ਮਾਂ ਨਾਲ ਆਪਣੇ ਸ਼ਰਾਬੀ ਪਿਤਾ ਦੀ ਕੁੱਟ ਤੋਂ ਬਚਣ ਲਈ ਲੁਕਿਆ ਸੀ। ਉਸ ਦਾ ਪਿਤਾ ਸ਼ਰਾਬੀ ਸੀ ਜਿਸ ਕਰ ਕੇ ਘਰ ਵਿੱਚ ਅੱਤ ਦੀ ਗਰੀਬੀ ਸੀ, ਪੈਸਿਆਂ ਲਈ ਉਹ

## ਮਿੰਨੀ ਕਹਾਣੀ

## ਜਨਮ ਦਿਨ

-ਰਣਜੀਤ ਕੌਰ ਬਾਜਵਾ-

ਰਾਹੁਲ ਅਤੇ ਮਾਂ ਨੂੰ ਰੋਜ਼ ਤੰਗ ਕਰਦਾ ਸੀ ਅਤੇ ਜੋ ਵੀ ਦੋਵੇਂ ਥੋੜ੍ਹਾ ਬਹੁਤ ਕਮਾਉਂਦੇ ਉਹ ਸ਼ਰਾਬ ਵਿੱਚ ਉਜਾੜ ਦਿੰਦਾ। ਅੱਜ 26 ਅਪ੍ਰੈਲ ਰਾਹੁਲ ਦਾ ਜਨਮ ਦਿਨ ਸੀ ਅਤੇ ਉਹ ਅੱਠਵੀਂ ਜਮਾਤ ਵਿੱਚ ਪਿੰਡ ਦੇ ਸਰਕਾਰੀ ਮਿਡਲ ਸਕੂਲ ਵਿੱਚ ਪੜ੍ਹਦਾ ਸੀ, ਪਰ ਕੋਰੋਨਾ ਕਾਰਨ ਸਕੂਲ ਬੰਦ ਸਨ। ਰਾਹੁਲ ਸਕੂਲ ਨਹੀਂ ਸੀ ਜਾ ਰਿਹਾ ਜਿਸ ਕਰ ਕੇ ਉਸ ਦੀ ਮਾਂ ਨੇ ਉਸ ਨੂੰ ਦੋਸਤਾਂ ਵਿੱਚ ਵੰਡਣ ਲਈ ਟਾਫੀਆਂ ਦਾ ਪੈਕੇਟ ਲੈ ਦਿੱਤਾ ਸੀ, ਪਰ ਉਸ ਦੀ ਮਾਂ ਨੇ ਉਸ ਦੇ ਪਿਤਾ ਦੇ ਮੰਗਣ 'ਤੇ ਉਸ ਨੂੰ ਪੈਸੇ ਨਹੀਂ ਦਿੱਤੇ ਸਨ ਜਿਸ ਕਰ ਕੇ ਉਹ ਬਹੁਤ ਗੁੱਸੇ ਵਿੱਚ ਸੀ। ਰਾਹੁਲ ਸੋਚ ਰਿਹਾ ਸੀ ਕਿ ਪਿਛਲੇ ਸਾਲ ਸਕੂਲ ਵਿੱਚ ਉਸ ਦੇ ਅਧਿਆਪਕਾਂ ਵੱਲੋਂ ਮਨਾਏ ਉਸ ਦੇ ਜਨਮ ਦਿਨ ਵਾਲਾ ਦਿਨ ਕਿੰਨਾ ਚੰਗਾ ਸੀ, ਜਦੋਂ ਮੈਡਮ ਜੀ ਬਿਨਾਂ ਦੱਸੇ ਟਾਫੀਆਂ ਦਾ ਪੈਕੇਟ ਲੈ ਆਏ ਸਨ। ਸਭ ਨੂੰ ਵੰਡਣ ਪਿੱਛੋਂ ਮੈਡਮ ਨੇ ਉਸ ਨੂੰ ਕਿੰਨੇ ਸੋਹਣੇ ਪੈਨ ਅਤੇ ਸਰ ਹੁਰਾਂ ਨੇ ਕਾਪੀਆਂ ਦਿੱਤੀਆਂ ਸਨ, ਕਿੰਨੀਆਂ ਤਾੜੀਆਂ ਵੱਜੀਆਂ ਸਨ। ਉਹ ਖੁਸ਼ ਸੀ। ਸੋਚਦਾ ਸੀ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਕਿੰਨਾ ਲਗਾਓ ਕਰਦੇ ਹਨ, ਕਿੰਨੀ ਖੁਸ਼ੀ ਮਿਲਦੀ ਸੀ ਸਕੂਲ ਵਿੱਚ। ਹੁਸ਼ਿਆਰ ਵਿਦਿਆਰਥੀ ਹੋਣ ਕਰ ਕੇ ਭਾਵੇਂ ਅਜੇ ਵੀ ਉਹ ਗੁਆਂਢੀ ਰਵੀ ਦੇ ਫੋਨ ਤੋਂ ਸਾਰਾ ਕੰਮ ਅਤੇ ਟੈਸਟ ਲਗਾਤਾਰ ਕਰ ਲੈਂਦਾ ਹੈ, ਪਰ ਸਕੂਲ ਲੱਗਣ ਵੇਲੇ ਥੋੜ੍ਹਾ ਜਿਹਾ ਕੰਮ ਕਰ ਕੇ ਵਿਖਾਉਣ ਨਾਲ ਮਿਲਦੀ ਸ਼ਾਬਾਸ਼, ਬੱਲੇ ਓਏ, ਵਾਹ, ਸ਼ੇਰਾ, ਵਰਗੇ ਅਧਿਆਪਕਾਂ ਦੇ ਸ਼ਬਦ ਘਰਦਿਆਂ ਦੀਆਂ ਸਾਰੀਆਂ ਗਾਲ੍ਹਾਂ, ਲਾਹਨਤਾਂ ਅਤੇ ਕਲੇਸ਼ ਭੁਲਾ ਦਿੰਦੀਆਂ ਸਨ।

''ਚੱਲ ਪੁੱਤ ਲੱਗਦਾ ਤੇਰਾ ਪਿਓ ਟਿਕ ਗਿਆ ਏ।'' ਰਾਹੁਲ ਦੀ ਸੋਚਾਂ ਦੀ ਲੜੀ ਉਸ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਨੇ ਤੋੜ ਦਿੱਤੀ ਅਤੇ ਉਹ ਆਪਣੀ ਮਾਂ ਨਾਲ ਕਦੋਂ ਸਕੂਲ ਜਾਵੇਗਾ ਅਤੇ ਅਧਿਆਪਕਾਂ ਨੂੰ ਮਿਲੇਗਾ ਅਧਿਆਪਕ ਉਸ ਦਾ ਜਨਮ ਦਿਨ ਮਨਾਉਣਗੇ ਅਤੇ ਤਾੜੀਆਂ ਤੇ ਪੈਨ, ਕਾਪੀਆਂ ਦੇ ਤੋਹਫੇ ਮਿਲਣਗੇ ਨਾਲੇ ਜਨਮ ਦਿਨ ਵਾਲੇ ਦਿਨ ਲੁਕਣਾ ਵੀ ਨਹੀਂ ਪਵੇਗਾ...ਇਹੋ ਸੋਚਾਂ ਸੋਚਦਾ ਹੋਇਆ ਉਹ ਉਠ ਕੇ ਤੁਰ ਪਿਆ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਬਿਹਾਰ ਚੋਣਾਂ ਵਿੱਚ ਜਾਤੀਵਾਦ ਦਾ ਬੋਲਬਾਲਾ

-ਵਿਜੇ ਵਿਦਰੋਹੀ-



ਬਿਹਾਰ 'ਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਉਥੇ ਹਰ ਕੋਈ ਹਰ ਕਿਸੇ ਦੀ ਬੇੜੀ ਡੋਬਣ ਲੱਗਾ ਹੋਇਆ ਹੈ, ਪਰ ਹਰ ਕੋਈ ਹਰ ਕਿਸੇ ਦੇ ਸਹਾਰੇ ਚੋਣ ਜਿੱਤਣ ਦੇ ਫੇਰ ਵਿੱਚ ਵੀ ਹੈ। ਕੁਲ ਮਿਲਾ ਕੇ ਚਾਰ ਪਾਰਟੀਆਂ ਹਨ, ਚਾਰ ਨੇਤਾ ਹਨ ਅਤੇ ਚਾਰੇ ਆਪਸ ਵਿੱਚ ਗੁਥਮ-ਗੁੱਥਾ ਹਨ ਅਤੇ ਬੁਰੀ ਤਰ੍ਹਾਂ ਗੁਥਮ-ਗੁੱਥਾ ਹਨ।

ਪਹਿਲੇ ਨੇਤਾ ਹਨ ਮੁੱਖ ਮੰਤਰੀ ਨਿਤੀਸ਼ ਕੁਮਾਰ। ਉਨ੍ਹਾਂ ਦੀ ਪਾਰਟੀ ਹੈ ਜਨਤਾ ਦਲ ਯੂਨਾਈਟਿਡ। ਨਿਤੀਸ਼ ਕੁਮਾਰ ਦਾ ਗਠਜੋੜ ਭਾਜਪਾ ਨਾਲ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਚਿਹਰਾ ਹਨ। ਵਿਰੋਧ ਧਿਰ 'ਚ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਹੈ। ਲਾਲੂ ਦੇ ਬੇਟੇ ਤੇਜਸਵੀ ਯਾਦਵ। ਚੌਥੇ ਨੇਤਾ ਹਨ ਚਿਰਾਗ ਪਾਸਵਾਨ ਹਨ।

ਬਿਹਾਰ 'ਚ ਲੱਗਭਗ 12 ਕਰੋੜ ਆਬਾਦੀ ਵਿੱਚੋਂ 9 ਕਰੋੜ ਵੋਟਰ ਹਨ। ਇਨ੍ਹਾਂ 9 ਕਰੋੜ ਵੋਟਰਾਂ ਵਿੱਚੋਂ 8 ਫੀਸਦੀ 35 ਸਾਲ ਤੋਂ ਘੱਟ ਉਮਰ ਦੇ ਹਨ। ਵਧੇਰੇ ਪਿੰਡਾਂ 'ਚ ਰਹਿੰਦੇ ਹਨ ਜਾਂ ਫਿਰ ਦੂਸਰੇ ਰਾਜਾਂ 'ਚ ਨੌਕਰੀ ਦੀ ਭਾਲ ਲਈ ਚਲੇ ਗਏ ਹਨ। ਬਿਹਾਰ 'ਚ 80 ਫੀਸਦੀ ਤੋਂ ਵੱਧ ਲੋਕ ਪਿੰਡਾਂ 'ਚ ਰਹਿੰਦੇ ਹਨ। ਬਿਹਾਰ ਦੀ ਹਾਲਤ ਖਸਤਾ ਹੈ। ਉਥੋਂ ਦੀ ਪ੍ਰਤੀ ਵਿਅਕਤੀ ਆਮਦਨ 47 ਹਜ਼ਾਰ ਰੁਪਏ ਹੈ, ਜਦ ਕਿ ਭਾਰਤ ਦੀ ਔਸਤ ਪ੍ਰਤੀ ਵਿਅਕਤੀ ਆਮਦਨ 1 ਲੱਖ 36 ਹਜ਼ਾਰ ਦੇ ਨੇੜੇ-ਤੇੜੇ ਹੈ। ਬਿਹਾਰ ਲੱਗਭਗ ਹਰ ਖੇਤਰ 'ਚ ਪੱਛੜਿਆ ਹੋਇਆ ਹੈ। ਅਫਸੋਸ ਵਾਲੀ ਗੱਲ ਹੈ ਕਿ ਜੈਪ੍ਰਕਾਸ਼ ਨਾਰਾਇਣ (ਜੇ ਪੀ) ਦੇ ਅੰਦੋਲਨ ਵਿੱਚੋਂ ਨਿਕਲੇ ਲਾਲੂ ਪ੍ਰਸਾਦ ਯਾਦਵ ਨੇ 15 ਸਾਲ ਰਾਜ ਕੀਤਾ, ਉਸ ਦੇ ਬਾਅਦ ਜੇ ਪੀ ਅੰਦੋਲਨ 'ਚੋਂ ਹੀ ਨਿਕਲੇ ਨਿਤੀਸ਼ ਕੁਮਾਰ ਨੇ 15 ਸਾਲ ਰਾਜ ਕੀਤਾ ਪਰ ਬਿਹਾਰ ਨਹੀਂ ਬਦਲਿਆ, ਇਹ ਬਦਹਾਲ ਹੀ ਰਿਹਾ। ਬੀਮਾਰ ਸੂਬਿਆਂ ਦੀ ਸ਼੍ਰੇਣੀ 'ਚ ਉਦੋਂ ਵੀ ਸੀ ਅਤੇ ਅੱਜ ਵੀ ਹੈ।

ਅੱਜ ਇਸ ਬੀਮਾਰ ਸੂਬੇ 'ਚ ਵਿਕਾਸ ਉੱਤੇ ਜਾਤੀ ਹਾਵੀ ਹੈ। ਇਹ ਆਪਣੇ ਆਪ 'ਚ ਚਿੰਤਾ ਅਤੇ ਦੁੱਖ ਦੀ ਗੱਲ ਹੈ। ਅਜਿਹਾ ਨਹੀਂ ਕਿ ਦੂਸਰੇ ਰਾਜਾਂ 'ਚ ਜਾਤੀ ਹਾਵੀ ਨਹੀਂ ਹੁੰਦੀ ਪਰ ਬਿਹਾਰ ਦੀ ਕਹਾਣੀ ਕੁਝ ਵੱਖਰੀ ਹੈ। ਇਥੇ 51 ਫੀਸਦੀ ਹੋਰ ਪੱਛੜਾ ਵਰਗ (ਭਾਵ ਓ ਬੀ ਸੀ) ਹਨ। ਉਚ ਜਾਤੀਆਂ ਭਾਵ ਅੱਪਰ ਕਾਸਟ ਲੱਗਭਗ 15 ਫੀਸਦੀ ਹਨ। ਦਲਿਤਾਂ ਦੀ ਆਬਾਦੀ 16 ਫੀਸਦੀ ਹੈ। ਮੁਸਲਿਮ ਆਬਾਦੀ ਲੱਗਭਗ 17 ਫੀਸਦੀ ਹੈ। ਅਸਲੀ ਖੇਡ ਇਨ੍ਹਾਂ ਜਾਤਾਂ ਦੇ ਅੰਦਰ ਜਾਣ ਉਤੇ ਸਮਝ ਆਉਂਦੀ ਹੈ। ਅੱਪਰ ਕਾਸਟ 15 ਫੀਸਦੀ ਵਿੱਚ 5 ਫੀਸਦੀ ਬ੍ਰਾਹਮਣ ਹਨ, 5 ਫੀਸਦੀ ਬੇਜ਼ਮੀਨੇ ਹਨ, ਰਾਜਪੂਤਾਂ ਦੀ ਗਿਣਤੀ 4 ਫੀਸਦੀ ਹੈ, 1 ਫੀਸਦੀ ਕਾਇਸਥ ਹਨ। ਓ ਬੀ ਸੀ 51 ਫੀਸਦੀ ਹਨ, ਪਰ ਇਨ੍ਹਾਂ ਵਿੱਚੋਂ 30 ਫੀਸਦੀ ਈ ਬੀ ਸੀ (ਭਾਵ ਐਕਸਟ੍ਰੀਮ ਬੈਕਵਰਡ ਕਾਸਟ) ਯਾਨੀ ਅਤਿ ਪੱਛੜਿਆ ਵਰਗ ਹੈ, ਮਹਾ ਪੱਛੜਿਆ ਵਰਗ ਹੈ। ਇਹ ਆਪਣੇ ਆਪ 'ਚ ਸਭ ਤੋਂ ਵੱਡਾ ਵੋਟ ਬੈਂਕ ਹੈ ਜੋ ਪੂਰੇ ਸੂਬੇ 'ਚ ਖਿਲਰਿਆ ਹੋਇਆ ਹੈ। ਇਸੇ ਤਰ੍ਹਾਂ ਦਲਿਤਾਂ 'ਚ ਮਹਾ-ਦਲਿਤ ਇੱਕ ਵੱਖਰਾ ਵਰਗ ਹੈ, ਜੋ ਮਹਾ-ਪੱਛੜਿਆਂ ਦੇ ਵਾਂਗ ਖਿਲਰਿਆ ਹੋਇਆ ਹੈ।

ਭਾਜਪਾ ਅੱਪਰ ਕਾਸਟ ਦੇ ਭਰੋਸੇ ਹੈ। ਨਿਤੀਸ਼ ਕੁਮਾਰ ਦੀ ਨਜ਼ਰ ਦਲਿਤ ਵੋਟਾਂ 'ਤੇ ਹੈ। ਜੀਤਨ ਰਾਮ ਮਹਾ-ਦਲਿਤਾਂ ਦੇ ਆਗੂ ਹਨ। ਮੁਕੇਸ਼ ਸਹਿਨੀ ਮਹਾ-ਪੱਛੜਾ ਵੋਟ ਬੈਂਕ ਵਿੱਚੋਂ ਹਨ। ਇਸ ਤਰ੍ਹਾਂ ਉਚ, ਦਲਿਤ, ਮਹਾ-ਦਲਿਤ, ਮਹਾ-ਪੱਛੜਿਆਂ ਨੂੰ ਇੱਕ ਛੱਤਰੀ ਹੇਠਾਂ ਲਿਆਉਣ ਦੀ ਕੋਸ਼ਿਸ਼ ਗਠਜੋੜ ਕਰ ਰਿਹਾ ਹੈ। ਹਰੇਕ ਫ੍ਰੈਂਡ ਜ਼ਰੂਰੀ ਹੁੰਦਾ ਹੈ, ਦੀ ਤਰਜ਼ ਉੱਤੇ ਕਿਹਾ ਜਾ ਸਕਦਾ ਹੈ ਕਿ ਬਿਹਾਰ ਵਿੱਚ ਹਰ ਜਾਤੀ ਜ਼ਰੂਰੀ ਹੁੰਦੀ ਹੈ। ਇਹੋ ਕਾਰਨ ਹੈ ਕਿ ਨਿਤੀਸ਼ ਕੁਮਾਰ ਨੇ ਆਪਣੇ ਹਿੱਸੇ 'ਚੋਂ ਪੰਜ ਸੀਟਾਂ ਮਹਾ-ਦਲਿਤ ਜੀਤਨ ਰਾਮ ਮਾਂਝੀ ਨੂੰ ਦਿੱਤੀਆਂ ਹਨ। ਇਸੇ ਤਰ੍ਹਾਂ ਭਾਜਪਾ ਨੇ ਆਪਣੇ ਹਿੱਸੇ 'ਚੋਂ 11 ਸੀਟਾਂ ਮਹਾ-ਪੱਛੜੇ ਮੁਕੇਸ਼ ਸਹਿਨੀ ਨੂੰ ਦਿੱਤੀਆਂ ਹਨ, ਵਿਕਾਸ਼ੀਲ ਇਨਸਾਨ ਪਾਰਟੀ ਨੂੰ। ਟਿਕਟਾਂ ਵੀ ਇਸੇ ਹਿਸਾਬ ਨਾਲ ਦਿੱਤੀਆਂ ਗਈਆਂ ਹਨ। ਭਾਜਪਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 2 ਸੀਟਾਂ 'ਤੇ ਮੁਸਲਿਮ ਉਮੀਦਵਾਰ ਉਤਾਰੇ ਸਨ ਪਰ ਇਸ ਵਾਰ ਇੱਕ ਵੀ ਮੁਸਲਿਮ ਨੂੰ ਟਿਕਟ ਨਹੀਂ ਦਿੱਤੀ। ਇਹ ਟਿਕਟ ਨਾ ਦੇਣੀ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਦੀ ਰਣਨੀਤੀ ਦੇ ਤਹਿਤ ਹੀ ਹੈ।

ਓਧਰ ਮਹਾ-ਗਠਜੋੜ ਵਿੱਚ ਲਾਲੂ ਦਾ ਰਾਸ਼ਟਰੀ ਜਨਤਾ ਦਲ, ਰਾਹੁਲ ਗਾਂਧੀ ਦੀ ਕਾਂਗਰਸ ਅਤੇ ਖੱਬੇ-ਪੱਖੀ ਮੋਰਚਾ ਸ਼ਾਮਲ ਹੈ। ਕਾਂਗਰਸ ਦੀ ਨਜ਼ਰ ਅੱਪਰ ਕਾਸਟ ਤੇ ਮੁਸਲਿਮ ਵੋਟਾਂ 'ਤੇ ਹੈ। ਪਹਿਲਾਂ ਕਾਂਗਰਸ ਬਿਹਾਰ ਵਿੱਚ ਅੱਪਰ ਕਾਸਟ, ਦਲਿਤ ਅਤੇ ਮੁਸਲਿਮ ਵੋਟਾਂ ਦੇ ਸਹਾਰੇ ਜਿੱਤਦੀ ਰਹੀ ਹੈ। ਓਧਰ ਲਾਲੂ ਦਾ ਐਮ ਵਾਈ (ਮੁਸਲਿਮ ਅਤੇ ਯਾਦਵ ਵੋਟ) ਵਾਲਾ ਫੈਕਟਰ ਕੰਮ ਕਰਦਾ ਰਿਹਾ ਹੈ।

ਭਾਜਪਾ, ਨਿਤੀਸ਼ ਕੁਮਾਰ ਅਤੇ ਲਾਲੂ ਯਾਦਵ ਤਿੰਨਾਂ ਨੇ ਆਪੋ-ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਹੈ। 2010 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਅੱਪਰ ਕਾਸਟ ਦੀਆਂ 56 ਫੀਸਦੀ ਵੋਟਾਂ ਮਿਲੀਆਂ ਸਨ। 2015 'ਚ ਇਹ ਵਧ ਕੇ 84 ਫੀਸਦੀ ਹੋ ਗਈਆਂ। 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਅੱਪਰ ਕਾਸਟ ਦੀਆਂ 80 ਫੀਸਦੀ ਵੋਟਾਂ ਮਿਲੀਆਂ। ਨਿਤੀਸ਼ ਕੁਮਾਰ ਨੂੰ 2010 ਦੀਆਂ ਵਿਧਾਨ ਸਭਾ ਚੋਣਾਂ 'ਚ ਦਲਿਤਾਂ ਅਤੇ ਓ ਬੀ ਸੀ ਦੀਆਂ 58 ਫੀਸਦੀ ਵੋਟਾਂ ਮਿਲੀਆਂ, 2015 'ਚ ਇਸ 'ਚ ਕੁਝ ਕਮੀ ਆਈ ਅਤੇ 55 ਫੀਸਦੀ ਵੋਟਾਂ ਮਿਲੀਆਂ, ਪਰ 2019 ਦੀਆਂ ਲੋਕ ਸਭਾ ਚੋਣਾਂ 'ਚ ਦਲਿਤ ਓ ਬੀ ਸੀ ਵੋਟ ਫੀਸਦੀ ਵਧ ਕੇ 80 ਫੀਸਦੀ ਹੋ ਗਿਆ। ਲਾਲੂ ਪ੍ਰਸਾਦ ਦੀ ਪਾਰਟੀ ਨੂੰ 2019 ਦੀਆਂ ਲੋਕ ਸਭਾ ਚੋਣਾਂ 'ਚ ਮੁਸਲਮਾਨਾਂ ਦੀਆਂ 82 ਫੀਸਦੀ ਅਤੇ ਯਾਦਵਾਂ ਦੀਆਂ 50 ਫੀਸਦੀ ਵੋਟਾਂ ਮਿਲੀਆਂ। ਇਹੀ ਕਾਰਨ ਹੈ ਕਿ ਇਨ੍ਹਾਂ ਤਿੰਨ ਪਾਰਟੀਆਂ ਨੇ ਕੁਲ ਮਿਲਾ ਕੇ ਆਪਣੇ ਵੋਟ ਫੀਸਦੀ 'ਚ ਵਾਧਾ ਕੀਤਾ ਹੈ।


ਨਿਤੀਸ਼ ਕੁਮਾਰ ਦੀ ਪਾਰਟੀ ਦਾ ਗਠਨ 2000 'ਚ ਹੋਇਆ ਸੀ। ਉਦੋਂ ਉਸ ਨੂੰ 6.5 ਫੀਸਦੀ ਵੋਟ ਮਿਲੇ ਸਨ ਜੋ 2015 ਵਿੱਚ ਵਧ ਕੇ ਲੱਗਭਗ 17 ਫੀਸਦੀ ਹੋ ਗਏ। ਭਾਜਪਾ ਨੂੰ 1990 ਵਿੱਚ 11.6 ਫੀਸਦੀ ਵੋਟਾਂ ਮਿਲੀਆਂ ਸਨ ਜੋ 2015 'ਚ ਵਧ ਕੇ 24.4 ਫੀਸਦੀ ਹੋ ਗਈਆਂ। ਲਾਲੂ ਦੀ ਪਾਰਟੀ ਨੂੰ 1990 'ਚ 25.6 ਫੀਸਦੀ ਵੋਟਾਂ ਮਿਲੀਆਂ ਸਨ ਜੋ 2015 'ਚ ਘੱਟ ਕੇ 18 ਫੀਸਦੀ ਰਹਿ ਗਈਆਂ ਪਰ ਜਿਸ ਦੌਰ 'ਚੋਂ ਪਾਰਟੀ ਲੰਘੀ ਹੈ ਅਤੇ ਲਾਲੂ ਜੇਲ 'ਚ ਹੈ, ਉਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਆਪਣੇ ਕੋਰ ਵੋਟਰ ਨੂੰ ਆਪਣੇ ਨਾਲ ਜੋੜੀ ਰੱਖਣ 'ਚ ਪਾਰਟੀ ਕਾਮਯਾਬ ਰਹੀ ਹੈ।

ਇਹ ਗੱਲ ਕਾਂਗਰਸ ਲਈ ਨਹੀਂ ਕਹੀ ਜਾ ਸਕਦੀ। ਕਾਂਗਰਸ ਦਾ ਵੋਟ ਫੀਸਦੀ 1990 'ਚ ਲੱਗਭਗ 25 ਫੀਸਦੀ ਸੀ ਜੋ 2015 'ਚ ਘੱਟ ਕੇ ਲੱਗਭਗ 7 ਫੀਸਦੀ ਰਹਿ ਗਿਆ। ਇਸੇ ਤਰ੍ਹਾਂ ਪਾਸਵਾਨ ਦੀ ਪਾਰਟੀ ਐਲ ਜੇ ਪੀ ਨੂੰ 2005 'ਚ 12 ਫੀਸਦੀ ਵੋਟਾਂ ਮਿਲੀਆਂ ਸਨ ਜੋ 2015 ਵਿੱਚ 5 ਫੀਸਦੀ ਰਹਿ ਗਈਆਂ। ਇਸ ਤੋਂ ਸਾਫ ਹੈ ਕਿ ਕੁਲ ਮਿਲਾ ਕੇ ਬਿਹਾਰ 'ਚ ਨਿਤੀਸ਼ ਅਤੇ ਭਾਜਪਾ ਆਪੋ-ਆਪਣੇ ਵੋਟ ਬੈਂਕ 'ਚ ਵਾਧਾਂ ਕਰ ਰਹੇ ਹਨ। ਉਨ੍ਹਾਂ ਦੀ ਸੋਸ਼ਲ ਇੰਜੀਨੀਅਰਿੰਗ ਸਫਲ ਹੋ ਰਹੀ ਹੈ। ਇਸ ਦਾ ਬਹੁਤ ਸਿਹਰਾ ਨਿਤੀਸ਼ ਕੁਮਾਰ ਦੇ ਅਤੇ ਨਰਿੰਦਰ ਦੇ ਅਕਸ ਨੂੰ ਦਿੱਤਾ ਜਾ ਸਕਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਮਹਾਰਾਜਾ ਦਲੀਪ ਸਿੰਘ ਦੇ ਵਿਆਹ ਦੌਰਾਨ ਲਾਰਡ ਡਲਹੌਜ਼ੀ ਦਾ ਅੜਿੱਕਾ

-ਗੁਰਦੇਵ ਸਿੰਘ ਸਿੱਧੂ-

ਈਸਟ ਇੰਡੀਆ ਕੰਪਨੀ ਦੇ ਹਿੰ-ਦੋਸਤਾਨ ਵਿਚਲੇ ਹੁਕਮਰਾਨ ਲਾਰਡ ਡਲਹੌਜ਼ੀ ਦੀ ਦੇਸੀ ਰਿਆਸਤਾਂ ਨੂੰ ਹੜੱਪਣ ਦੀ ਨੀਤੀ ਹੇਠ ਪੰਜਾਬ ਨੂੰ ਲਗਭਗ ਅੱਧੀ ਸਦੀ ਪ੍ਰਭੁੱਸਤਾ ਦਾ ਸੁੱਖ ਭੁਗਤਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਛੇਤੀ ਪਿੱਛੋਂ ਅੰਗਰੇਜ਼ੀ ਸਲਤਨਤ ਦਾ ਹਿੱਸਾ ਬਣਾਉਣ ਦੀ ਕਵਾਇਦ ਸ਼ੁਰੂ ਹੋ ਗਈ। ਲਾਰਡ ਡਲਹੌਜ਼ੀ ਪੰਜਾਬ ਦੇ ਸੁਤੰਤਰ ਖਾਲਸਾ ਰਾਜ ਨੂੰ ਕੰਪਨੀ ਬਹਾਦਰ ਦੇ ਝੰਡੇ ਹੇਠ ਲਿਆਉਣ ਨੂੰ ਕਿੰਨਾ ਮਹੱਤਵ ਦਿੰਦਾ ਸੀ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪਹਿਲੇ ਅੰਗਰੇਜ਼-ਸਿੱਖ ਯੁੱਧ ਵਿੱਚ ਉਹ ਅੰਗਰੇਜ਼ੀ ਸੈਨਾ ਦੇ ਸੈਨਾਪਤੀ ਦਾ ਡਿਪਟੀ ਬਣ ਕੇ ਯੁੱਧ ਵਿੱਚ ਸ਼ਾਮਲ ਹੋਇਆ ਸੀ।

ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਉਸ ਦੀ ਸਭ ਤੋਂ ਛੋਟੀ ਰਾਣੀ, ਮਹਾਰਾਣੀ ਜਿੰਦਾਂ, ਦੇ ਪੇਟੋਂ ਛੇ ਸਤੰਬਰ 1938 ਨੂੰ ਜਨਮਿਆਂ ਪੁੱਤਰ ਸੀ। ਉਨ੍ਹੀਂ ਦਿਨੀਂ ਸਿੱਖ ਸਰਦਾਰ ਘਰਾਣਿਆਂ ਵਿੱਚ ਆਪਣੇ ਬੱਚਿਆਂ ਨੂੰ ਨਿੱਕੀ ਉਮਰ ਵਿੱਚ ਹੀ ਵਿਆਹ ਲੈਣ ਦਾ ਰਿਵਾਜ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਪੰਦਰਾਂ ਸਾਲ ਦੀ ਉਮਰ ਵਿੱਚ ਕਨ੍ਹਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਅਤੇ ਸਰਦਾਰਨੀ ਸਦਾ ਕੌਰ ਦੀ ਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਕੰਵਰ ਖੜਕ ਸਿੰਘ ਦੀ ਸ਼ਾਦੀ ਵੀ ਉਸ ਦੀ ਬਾਲ ਉਮਰ ਵਿੱਚ ਹੀ ਕਰ ਦਿੱਤੀ ਸੀ। ਜਦੋਂ ਇਹ ਸ਼ਾਦੀ ਕਨ੍ਹਈਆ ਮਸਲ ਦੇ ਸਰਦਾਰ ਜੈਮਲ ਸਿੰਘ ਦੀ ਪੁੱਤਰੀ ਚੰਦ ਕੌਰ ਨਾਲ ਹੋਈ, ਉਦੋਂ ਖੜਕ ਸਿੰਘ ਦੀ ਉਮਰ ਕੇਵਲ ਗਿਆਰਾਂ ਸਾਲ ਦੀ ਸੀ। ਪੰਦਰਾਂ ਸਾਲ ਦੀ ਉਮਰ ਵਿੱਚ ਖੜਕ ਸਿੰਘ ਦੀ ਦੂਜੀ ਸ਼ਾਦੀ ਸਰਦਾਰ ਜੋਧ ਸਿੰਘ ਬਾਜਵਾ ਕਲਾਸਵਾਲਾ ਦੀ ਬੇਟੀ ਖੇਮ ਕੌਰ ਨਾਲ ਹੋਈ। ਖੜਕ ਸਿੰਘ ਦੇ ਪੁੱਤਰ ਨੌਨਿਹਾਲ ਸਿੰਘ ਦੇ ਵਿਆਹ ਦੀ ਵਿੱਥਿਆ ਵੀ ਇਸ ਤੋਂ ਭਿੰਨ ਨਹੀਂ। ਨੌਨਿਹਾਲ ਸਿੰਘ ਦੀ ਸ਼ਾਦੀ ਉਸ ਦੀ ਉਮਰ ਦੇ ਸੋਲਵੇਂ ਸਾਲ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਛੋਟੀ ਭੈਣ ਬੀਬੀ ਨਾਨਕੀ ਨਾਲ ਹੋ ਗਈ ਸੀ। ਇਸ ਲਈ ਇਹ ਗੱਲ ਹੈਰਾਨੀ ਵਾਲੀ ਨਹੀਂ ਸੀ ਹੋਣੀ, ਜੇ ਇਸ ਪਰਵਾਰਕ ਪਰੰਪਰਾ ਅਨੁਸਾਰ ਦਲੀਪ ਸਿੰਘ ਦੀ ਸ਼ਾਦੀ ਵੀ ਛੋਟੀ ਉਮਰ ਵਿੱਚ ਹੋ ਜਾਂਦੀ, ਪਰ ਰਾਜਨੀਤਕ ਦ੍ਰਿਸ਼ ਬਦਲਣ ਕਾਰਨ ਅਜਿਹਾ ਹੋ ਨਹੀਂ ਸਕਿਆ।

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਪਿੱਛੋਂ 15 ਸਤੰਬਰ 1843 ਨੂੰ ਦਲੀਪ ਸਿੰਘ ਨੂੰ ਰਾਜ ਤਿਲਕ ਲਾਇਆ ਗਿਆ। ਇਸ ਵੇਲੇ ਉਸ ਦੀ ਉਮਰ ਕੇਵਲ ਪੰਜ ਸਾਲ ਹੀ ਸੀ। ਰਾਜਗੱਦੀ ਉੱਤੇ ਬੈਠਣ ਤੋਂ ਪੌਣੇ ਦੋ ਸਾਲ ਬਾਅਦ ਲਗਭਗ ਸੱਤ ਕੁ ਸਾਲ ਦੀ ਉਮਰ ਵਿੱਚ 21 ਜੁਲਾਈ 1945 ਨੂੰ ਉਸ ਦੀ ਮੰਗਣੀ ਅਟਾਰੀ ਖਾਨ ਦੇ ਸਰਦਾਰ ਚਤਰ ਸਿੰਘ ਦੀ ਲੜਕੀ ਨਾਲ ਕੀਤੀ ਗਈ। ਸਰਦਾਰ ਚਤਰ ਸਿੰਘ ਲਾਹੌਰ ਦਰਬਾਰ ਦਾ ਸਿਰਕੱਢ ਸਰਦਾਰ ਹੋਣ ਕਾਰਨ ਇਸ ਸਮੇਂ ਹਜ਼ਾਰੇ ਦੇ ਗਵਰਨਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਸ਼ਾਇਦ ਛੇਤੀ ਹੀ ਮਹਾਰਾਜਾ ਦਲੀਪ ਸਿੰਘ ਦੀ ਸ਼ਾਦੀ ਹੋ ਜਾਂਦੀ, ਪਰ ਲਾਹੌਰ ਦਰਬਾਰ ਵਿੱਚ ਚੱਲ ਰਹੀ ਖਾਨਾਜੰਗੀ ਕਾਰਨ ਅਜਿਹਾ ਨਹੀਂ ਹੋ ਸਕਿਆ। ਮਹਾਰਾਜਾ ਦਲੀਪ ਸਿੰਘ ਦਾ ਮਾਮਾ ਜਵਾਹਰ ਸਿੰਘ ਵਜ਼ੀਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਉਹ ਸਿੱਖ ਫੌਜ ਹੱਥੋਂ 21 ਸਤੰਬਰ 1845 ਨੂੰ ਕਤਲ ਹੋ ਗਿਆ ਅਤੇ ਦਸੰਬਰ 1845 ਵਿੱਚ ਅੰਗਰੇਜ਼ਾਂ ਨਾਲ ਸਿੱਖ ਫੌਜ ਦੀ ਪਹਿਲੀ ਜੰਗ ਸ਼ੁਰੂ ਹੋ ਗਈ। ਮੁੱਦਕੀ, ਫੇਰੂ ਸ਼ਹਿਰ, ਸਭਰਾਉਂ ਆਦਿ ਸਥਾਨਾਂ ਉਤੇ ਹੋਈਆਂ ਲੜਾਈਆਂ ਵਿੱਚ ਸਿੱਖ ਫੌਜ ਨੂੰ ਹਰਾਉਣ ਉਪਰੰਤ ਹਿੰਦੋਸਤਾਨ ਦਾ ਅੰਗਰੇਜ਼ ਗਵਰਨਰ ਜਨਰਲ 20 ਜਨਵਰੀ 1846 ਨੂੰ ਲਾਹੌਰ ਵਿੱਚ ਦਾਖਲ ਹੋਇਆ। ਨੌਂ ਮਾਰਚ 1846 ਨੂੰ ਲਾਹੌਰ ਦਰਬਾਰ ਅਤੇ ਕੰਪਨੀ ਵਿਚਾਲੇ ਸਹੀ ਕੀਤੀ ਸੰਧੀ ਅਨੁਸਾਰ ਦਲੀਪ ਸਿੰਘ ਦੇ ਨਾਂਅ ਹੇਠ ਚੱਲਦੇ ਰਾਜ ਪ੍ਰਬੰਧ ਵਿੱਚ ਮਹਾਰਾਣੀ ਜਿੰਦਾਂ ਨੂੰ ਕੁਝ ਅਧਿਕਾਰ ਦਿੱਤਾ ਗਿਆ, ਪਰ ਕੁਝ ਮਹੀਨਿਆਂ ਪਿੱਛੋਂ 16 ਦਸੰਬਰ 1846 ਨੂੰ ਹੋਈ ਨਵੀਂ ਸੰਧੀ, ਜੋ ਭਰੋਵਾਲ ਦੀ ਸੰਧੀ ਦੇ ਨਾਂਅ ਨਾਲ ਜਾਣੀ ਜਾਂਦੀ ਹੈ, ਅਧੀਨ ਰਾਜਭਾਗ ਦਾ ਕੰਟਰੋਲ ਗਵਰਨਰ ਜਨਰਲ ਹਿੰਦ ਵੱਲੋਂ ਲਾਹੌਰ ਵਿੱਚ ਨਿਯੁਕਤ ਰੈਜ਼ੀਮੈਂਟ ਮਿਸਟਰ ਹੈਨਰੀ ਲਾਰੈਂਸ ਦੇ ਹੱਥ ਦੇ ਦਿੱਤਾ ਗਿਆ। ਮਹਾਰਾਣੀ ਜਿੰਦਾਂ ਨੂੰ ਬਿਲਕੁਲ ਅਧਿਕਾਰਹੀਣ ਕਰ ਦਿੱਤਾ ਗਿਆ, ਦਲੀਪ ਸਿੰਘ ਤਾਂ ਪਹਿਲਾਂ ਹੀ ਨਾਮ-ਧਰੀਕ ਮਹਾਰਾਜਾ ਸੀ।

ਲਾਰਡ ਡਲਹੌਜ਼ੀ ਨੇ ਜਾਣ ਲਿਆ ਸੀ ਕਿ ਪੰਜਾਬੀ ਪਰੰਪਰਾ ਅਨੁਸਾਰ ਵਿਅਕਤੀ ਦੋ ਪਰਵਾਰਾਂ ਤੋਂ ਪ੍ਰਭਾਵ ਕਬੂਲਦਾ ਹੈ, ਇੱਕ ਉਸ ਦਾ ਆਪਣਾ ਪਰਵਾਰ ਅਤੇ ਦੂਜਾ ਸਹੁਰਾ ਪਰਵਾਰ। ਦਲੀਪ ਸਿੰਘ ਦੇ ਮਾਮਲੇ ਵਿੱਚ ਉਸ ਦੇ ਪਰਵਾਰ ਦੀ ਇੱਕੋ ਇੱਕ ਦੂਜੀ ਮੈਂਬਰ ਉਸ ਦੀ ਮਾਂ ਮਹਾਰਾਣੀ ਜਿੰਦਾਂ ਸੀ ਅਤੇ ਲਾਰਡ ਡਲਹੌਜ਼ੀ ਦਾ ਕੱਢਿਆ ਸਿੱਟਾ ਇਹ ਸੀ ਕਿ ਆਪਣੀ ਮਾਂ ਦੀ ਸੰਗਤ ਵਿੱਚ ਰਹਿੰਦਿਆਂ ਬਾਲਪਨ ਵਿੱਚੋਂ ਨਿਕਲਣ ਉਪਰੰਤ ਦਲੀਪ ਸਿੰਘ ਦੇ ਮਨ ਵਿੱਚ ਮਹਾਰਾਜੇ ਵਜੋਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਦੀ ਇੱਛਾ ਕਦੇ ਵੀ ਜਨਮ ਲੈ ਸਕਦੀ ਹੈ। ਇਸ ਸੰਭਾਵਨਾ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਮਹਾਰਾਣੀ ਜਿੰਦਾਂ ਨੂੰ ਪਹਿਲਾਂ ਲਾਹੌਰ ਬਦਰ ਅਤੇ ਫਿਰ ਪੰਜਾਬ ਬਦਰ ਕਰ ਦਿੱਤਾ ਸੀ। ਅੱਗੋਂ ਉਸ ਦਾ ਨਿਸ਼ਾਨਾ ਲੋੜੀਂਦੀ ਗੰਢਤੁੱਪ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਉਸ ਦੇ ਭਾਵੀ ਸਹੁਰੇ ਪਰਵਾਰ ਨਾਲ ਤੋੜਨਾ ਸੀ। ਸਰਦਾਰ ਚਤਰ ਸਿੰਘ ਅਟਾਰੀ ਬੜਾ ਦੂਰਅੰਦੇਸ਼ ਅਤੇ ਸਿਆਣਾ ਬਜ਼ੁਰਗ ਸਰਦਾਰ ਸੀ। ਉਹ ਲਾਹੌਰ ਦਰਬਾਰ ਵਿੱਚ ਘਟਨਾਵਾਂ ਦੇ ਵਹਿਣ ਨੂੰ ਧਿਆਨ ਨਾਲ ਵੇਖ ਰਿਹਾ ਸੀ ਤੇ ਕੁਝ ਹੱਦ ਤੱਕ ਭਵਿੱਖ ਨੂੰ ਸਮਝਣ ਦੇ ਸਮਰੱਥ ਸੀ। ਅੰਗਰੇਜ਼ ਹਾਕਮ ਵੱਲੋਂ ਮਹਾਰਾਣੀ ਜਿੰਦਾਂ ਨੂੰ ਪੰਜਾਬ ਤੋਂ ਬਾਹਰ ਕੈਦ ਕਰਨ ਨੇ ਉਸ ਦੇ ਤੌਖਲੇ ਵਧਾ ਦਿੱਤੇ ਸਨ। ਇਸ ਲਈ ਉਹ ਚਾਹੁੰਦਾ ਸੀ ਕਿ ਜਿੰਨੀ ਜਲਦੀ ਹੋ ਸਕੇ, ਮਹਾਰਾਜਾ ਦਲੀਪ ਸਿੰਘ ਦਾ ਉਸ ਦੀ ਲੜਕੀ ਨਾਲ ਵਿਆਹ ਕਾਰਜ ਸੰਪੰਨ ਹੋ ਜਾਣਾ ਚਾਹੀਦਾ ਹੈ। ਉਸ ਨੇ ਆਪਣੀ ਧੀ ਨੂੰ ਦੇਣ ਵਾਲਾ ਦਾਜ ਦਹੇਜ ਪੂਰੀ ਤਰ੍ਹਾਂ ਤਿਆਰ ਕੀਤਾ ਹੋਇਆ ਸੀ, ਪਰ ਅੰਗਰੇਜ਼ ਹਾਕਮਾਂ ਦੀ ਨੀਅਤ ਨੂੰ ਸਮਝਦਿਆਂ ਉਹ ਵਿਆਹ ਛੇਤੀ ਕਰ ਦੇਣ ਦੀ ਗੱਲ ਖੁੱਲ੍ਹ ਕੇ ਨਹੀਂ ਸੀ ਕਰਦਾ। ਲਾਹੌਰ ਦਰਬਾਰ ਵਿੱਚ ਕੁਝ ਟਿਕ ਟਿਕਾਅ ਆ ਜਾਣ ਉਪਰੰਤ ਉਸ ਨੇ 1848 ਈਸਵੀ ਦੇ ਸ਼ੁਰੂ ਵਿੱਚ ਰੈਜ਼ੀਡੈਂਟ ਨੂੰ ਸੁਨੇਹਾ ਭੇਜਿਆ ਕਿ ਇਸ ਜ਼ਿੰਦਗੀ ਵਿੱਚ ਉਸ ਦੀਆਂ ਕੇਵਲ ਦੋ ਇੱਛਾਵਾਂ ਬਾਕੀ ਹਨ। ਪਹਿਲੀ ਆਪਣੀ ਲੜਕੀ ਦੀ ਸ਼ਾਦੀ ਕਰਨਾ ਤੇ ਦੂਜੀ ਤੀਰਥਾਂ ਦੀ ਯਾਤਰਾ ਕਰਨੀ, ਪਰ ਤੀਰਥ ਯਾਤਰਾ ਲਈ ਜਾਣ ਤੋਂ ਪਹਿਲਾਂ ਉਹ ਆਪਣੀ ਲੜਕੀ ਦੀ ਸ਼ਾਦੀ ਕਰ ਦੇਣੀ ਚਾਹੁੰਦਾ ਹੈ। ਰੈਜ਼ੀਡੈਂਟ ਇਸ ਮਾਮਲੇ ਵਿੱਚ ਵਾਇਸਰਾਏ ਦੀ ਸੋਚ ਤੋਂ ਜਾਣੂ ਸੀ। ਇਸ ਲਈ ਉਸ ਨੇ ਸਰਦਾਰ ਚਤਰ ਸਿੰਘ ਦੇ ਸੁਨੇਹੇ ਦਾ ਕੋਈ ਹੁੰਗਾਰਾ ਨਾ ਭਰਿਆ। ਰੈਜ਼ੀਡੈਂਟ ਵੱਲੋਂ ਕੋਈ ਉਤਰ ਨਾ ਮਿਲਣ ਉਤੇ ਸਰਦਾਰ ਚਤਰ ਸਿੰਘ ਨੇ ਆਪਣੇ ਲੜਕੇ ਰਾਜਾ ਸ਼ੇਰ ਸਿੰਘ ਨੂੰ ਇਸ ਬਾਰੇ ਅੰਗਰੇਜ਼ ਰੈਜ਼ੀਡੈਂਟ ਨਾਲ ਗੱਲ ਕਰ ਕੇ ਮਹਾਰਾਜੇ ਦੇ ਵਿਆਹ ਦੀ ਤਰੀਕ ਨਿਸ਼ਚਿਤ ਕਰਾਉਣ ਲਈ ਆਖਿਆ।

ਮਹਾਰਾਜਾ ਰਣਜੀਤ ਸਿੰਘ ਦਾ ਰਿਸ਼ਤੇ ਵਜੋਂ ਸਾਲਾ ਲੱਗਦਾ ਰਾਜਾ ਸ਼ੇਰ ਸਿੰਘ ਲਾਹੌਰ ਵਿੱਚ ਅੰਗਰੇਜ਼ ਰੈਜ਼ੀਡੈਂਟ ਦੀ ਸਹਾਇਤਾ ਕਰਨ ਲਈ ਬਣਾਈ ਗਈ ਸਲਾਹਕਾਰ ਕੌਂਸਲ ਦਾ ਮੈਂਬਰ ਸੀ। ਉਸ ਨੇ ਇਸ ਬਾਰੇ ਰੈਜ਼ੀਡੈਂਟ ਨਾਲ ਗੱਲ ਕਰਨ ਦਾ ਯਤਨ ਕੀਤਾ, ਪਰ ਉਸ ਦੇ ਯਤਨ ਨੂੰ ਬੂਰ ਨਾ ਪਿਆ। ਰੈਜ਼ੀਡੈਂਟ ਦਾ ਠੰਢਾ ਹੁੰਗਾਰਾ ਵੇਖਦਿਆਂ ਰਾਜਾ ਸ਼ੇਰ ਸਿੰਘ ਨੇ ਰੈਜ਼ੀਡੈਂਟ ਦੇ ਸਹਾਇਕ ਮਿਸਟਰ ਹਰਬਟ ਐਡਵਰਡ, ਜਿਸ ਨਾਲ ਕੰਮ ਕਰਦਿਆਂ ਉਸ ਦੇ ਮਿੱਤਰਾਨਾ ਸੰਬੰਧ ਬਣ ਚੁੱਕੇ ਸਨ, ਨੂੰ ਸਹਾਇਤਾ ਕਰਨ ਦੀ ਬੇਨਤੀ ਕੀਤੀ। ਹਰਬਰਟ ਐਡਵਰਡ ਨੇ ਰਾਜਾ ਸ਼ੇਰ ਸਿੰਘ ਨਾਲ ਆਪਣੇ ਨਿੱਘੇ ਮਿੱਤਰਾਨਾ ਸੰਬੰਧਾਂ ਕਾਰਨ ਝਟਪਟ ਉਸ ਦੀ ਬੇਨਤੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਭੇਜ ਦਿੱਤੀ। ਲਾਰਡ ਡਲਹੌਜ਼ੀ, ਜੋ ਕਿਸੇ ਸੂਰਤ ਵਿੱਚ ਇਸ ਰਿਸ਼ਤੇ ਨੂੰ ਸਿਰੇ ਚੜ੍ਹਦਾ ਵੇਖਣਾ ਨਹੀਂ ਸੀ ਚਾਹੁੰਦਾ, ਨੇ ਰੈਜ਼ੀਡੈਂਟ ਦੇ ਸਹਾਇਕ ਦੀ ਇਸ ਕਾਰਵਾਈ ਨੂੰ ਬੇਹੱਦ ਨਾ-ਪਸੰਦ ਕੀਤਾ ਤੇ ਇਸ ਬਾਰੇ 22 ਅਗਸਤ 1848 ਨੂੰ ਰੈਜ਼ੀਡੈਂਟ ਨੂੰ ਸੰਬੋਧਿਤ ਪੱਤਰ ਵਿੱਚ ਲਿਖਿਆ, "ਇਹ ਇੱਕ ਦੋਸਤਾਂ ਵਾਲਾ ਕਾਰਜ ਹੋਵੇਗਾ, ਜੇ ਤੁਸੀਂ ਜਾਂ ਉਸ (ਐਡਵਰਡ) ਦਾ ਭਲਾ ਚਾਹੁਣ ਵਲਾ ਕੋਈ ਵਿਅਕਤੀ ਉਸ (ਐਡਵਰਡ) ਨੂੰ ਇਹ ਦੱਸ ਦੇਵੇ ਕਿ ਰੈਜ਼ੀਡੈਂਟ ਦੇ ਸਹਾਇਕ ਵਜੋਂ ਹਿੰਦ ਸਰਕਾਰ ਨੂੰ ਮਨ ਆਈ ਸਲਾਹ ਦੇਣੀ, ਗੰਭੀਰਤਾ ਰਹਿਤ, ਬਿਲਕੁਲ ਨਾਵਾਜਬ ਤੇ ਸਰਾਸਰ ਗੈਰ ਜ਼ਰੂਰੀ ਹੈ। ਮੇਰਾ ਇਸ (ਐਡਵਰਡ ਦੀ ਕਾਰਵਾਈ) ਬਾਰੇ ਕੋਈ ਕਾਰਵਾਈ ਕਰਨ ਦਾ ਇਰਾਦਾ ਨਹੀਂ ਅਤੇ ਇਸ ਦਾ ਨਿੱਜੀ ਤੌਰ ਉਤੇ ਤੁਹਾਡੇ ਨਾਲ ਜ਼ਿਕਰ ਕਰ ਰਿਹਾ ਹਾਂ ਕਿਉਂਕਿ ਮੈਂ ਮਿਸਟਰ ਐਡਵਰਡ ਦਾ ਭਲਾ ਚਾਹੁੰਦਾ ਹਾਂ।"

ਦੂਜੇ ਅੰਗਰੇਜ਼-ਸਿੱਖ ਯੁੱਧ ਵਿੱਚ ਲਾਹੌਰ ਦਰਬਾਰ ਦੀ ਸੈਨਾ ਦਾ ਮੁਕਾ-ਬਲਾ ਜਿਹੜੇ ਸਿੱਖ ਸਰਦਾਰਾਂ ਨਾਲ ਸੀ, ਸਰਦਾਰ ਚਤਰ ਸਿੰਘ ਅਟਾਰੀ ਉਨ੍ਹਾਂ ਵਿੱਚ ਮੁੱਖ ਸੀ। ਰਾਜਾ ਸ਼ੇਰ ਸਿੰਘ ਵੀ ਲਾਹੌਰ ਦਰਬਾਰ ਤੋਂ ਨੱਸ ਕੇ ਆਪਣੇ ਪਿਤਾ ਨਾਲ ਜਾ ਰਲਿਆ। ਲੜਾਈ ਵਿੱਚ ਲਾਹੌਰ ਦਰਬਾਰ ਅਤੇ ਅੰਗਰੇਜ਼ੀ ਸੈਨਾ ਦੀ ਕਮਾਨ ਅੰਗਰੇਜ਼ ਸੈਨਾਪਤੀ ਲਾਰਡ ਗੱਫ ਦੇ ਹੱਥ ਸੀ। ਸਿੱਖ ਸੈਨਾ ਨੇ ਹਾਰ ਜਾਣ ਉਪਰੰਤ 18 ਮਾਰਚ 1849 ਨੂੰ ਹਥਿਆਰ ਸੁੱਟ ਦਿੱਤੇ। ਸਰਦਾਰ ਚਤਰ ਸਿੰਘ, ਰਾਜਾ ਸ਼ੇਰ ਸਿੰਘ ਅਤੇ ਹੋਰ ਸਿੱਖ ਮੁਖੀਆਂ ਨੂੰ ਬੰਦੀ ਬਣਾ ਲਿਆ ਗਿਆ। ਉਪਰੰਤ ਰੈਜ਼ੀਡੈਂਟ ਲਾਹੌਰ ਦਾ ਇੱਕ ਸਹਾਇਕ ਕੈਪਟਨ ਜੇ ਨਿਕਲਸਨ ਜਦੋਂ ਪਹਿਲੀ ਅਪ੍ਰੈਲ ਨੂੰ ਸਰਦਾਰ ਚਤਰ ਸਿੰਘ ਅਟਾਰੀ ਦੀ ਜਾਗੀਰ ਦੇ ਮੁੱਖ ਟਿਕਾਣੇ ਪਿੰਡ ਬੁਸਲੀ (ਹਜ਼ਾਰਾ ਇਲਾਕਾ) ਪਹੁੰਚਿਆ ਤਾਂ ਸਥਾਨਕ ਪਠਾਣ ਵੱਸੋਂ ਨੇ ਆਪਣੀ ਖੁਸ਼ੀ ਦੇ ਇਜ਼ਹਾਰ ਵਜੋਂ ਉਸ ਨੂੰ ਸਰਦਾਰ ਚਤਰ ਸਿੰਘ ਦੇ ਘਰੋਂ ਲੁੱਟਿਆ ਮਾਲ ਦਿਖਾਇਆ। ਇਸ ਮਾਲ ਵਿੱਚ ਸਰਦਾਰ ਚਤਰ ਸਿੰਘ ਦੁਆਰਾ ਆਪਣੀ ਲੜਕੀ ਨੂੰ ਵਿਆਹ ਸਮੇਂ ਦਿੱਤੇ ਜਾਣ ਵਾਲੇ ਵਸਤਰ ਤੇ ਹੋਰ ਵਸਤੂਆਂ ਵੀ ਸ਼ਾਮਲ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸਰਦਾਰ ਚਤਰ ਸਿੰਘ ਇਸ ਸ਼ਾਦੀ ਦੇ ਸੰਪੰਨ ਹੋ ਜਾਣ ਦੀ ਕਿੰਨੀ ਤੀਬਰਤਾ ਨਾਲ ਉਡੀਕ ਕਰ ਰਿਹਾ ਸੀ, ਪਰ ਦੂਜੇ ਅੰਗਰੇਜ਼-ਸਿੱਖ ਯੁੱਧ ਕਾਰਨ ਮਹਾਰਾਜਾ ਦਲੀਪ ਸਿੰਘ ਦੇ ਅਟਾਰੀ ਖਾਨਦਾਨ ਨਾਲ ਰਿਸ਼ਤੇ ਦਾ ਭੋਗ ਪੈ ਗਿਆ।

ਇਨ੍ਹੀਂ ਦਿਨੀਂ ਰੋਪੜ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਉਤੇ ਡੱਲੇਵਾਲੀਆ ਮਿਸਲ ਦਾ ਰਾਜਾ ਰੂਪ ਸਿੰਘ ਕਾਬਜ਼ ਸੀ। ਰਾਜਾ ਭੂਪ ਸਿੰਘ ਆਪਣੀ ਦੋਹਤੀ ਦਾ ਰਿਸ਼ਤਾ ਮਹਾਰ-ਾਜਾ ਦਲੀਪ ਸਿੰਘ ਨਾਲ ਕਰਨਾ ਚਾਹੁੰਦਾ ਸੀ ਅਤੇ ਇਸ ਮਨੋਰਥ ਲਈ ਗੱਲ ਤੋਰਨ ਵਾਸਤੇ ਉਸ ਨੇ ਆਪਣੇ ਦੋ ਦੂਤ ਲਾਹੌਰ ਭੇਜੇ। ਗੁਪਤ ਤੌਰ 'ਤੇ ਇਹ ਸੂਚਨਾ ਲੁਧਿਆਣੇ ਸਥਿਤ ਗਵਰਨਰ ਜਨਰਲ ਦੇ ਏਜੰਟ ਪਾਸ ਪੁੱਜ ਗਈ। ਉਹ ਦਲੀਪ ਸਿੰਘ ਦਾ ਵਿਆਹ ਕਿਸੇ ਸਿੱਖ ਘਰਾਣੇ ਵਿੱਚ ਨਾ ਹੋਣ ਦੇਣ ਬਾਰੇ ਵਾਇਸਰਾਏ ਦੀ ਸੋਚ ਤੋਂ ਜਾਣੂੰ ਸੀ। ਉਸ ਨੂੰ ਭਰੋਸਾ ਸੀ ਕਿ ਜੇ ਇਸ ਰਿਸ਼ਤੇ ਦੀ ਗੱਲ ਨੇਪਰੇ ਚੜ੍ਹ ਗਈ ਤਾਂ ਇਸ ਨਾਲ ਲਾਹੌਰ ਦਰਬਾਰ ਵਿਚਲੇ ਕੁਝ ਸਰਦਾਰਾਂ ਤੇ ਹਮਾਇਤ ਮਹਾਰਾਜਾ ਦਲੀਪ ਸਿੰਘ ਨੂੰ ਮਿਲ ਜਾਵੇਗੀ। ਇਸ ਲਈ ਉਹ ਚਾਹੁੰਦਾ ਸੀ ਕਿ ਇਹ ਰਿਸ਼ਤੇ ਦੀ ਗੱਲ ਸਿਰੇ ਨਾ ਲੱਗੇ। ਫਲਸਰੂਪ ਉਸ ਨੇ ਰਾਜਾ ਭੂਪ ਸਿੰਘ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਬਰਤਾਨਵੀ ਸਰਕਾਰ ਦੀ ਤਾਕਤ ਦਾ ਡਰ ਵਿਖਾ ਕੇ ਆਪਣੀ ਦੋਹਤੀ ਦਾ ਰਿਸ਼ਤਾ ਮਹਾਰਾਜਾ ਦਲੀਪ ਸਿੰਘ ਨਾਲ ਕਰਨ ਦੀ ਯੋਜਨਾ ਤੋਂ ਮੁੜਨ ਲਈ ਮਜਬੂਰ ਕਰ ਦਿੱਤਾ। ਬੇਵੱਸ ਰਾਜਾ ਭੂਪ ਸਿੰਘ ਨੇ ਲਾਹੌਰ ਦਰਬਾਰ ਵਿੱਚ ਭੇਜੇ ਆਪਣੇ ਦੋਵੇਂ ਦੂਤ ਵਾਪਸ ਬੁਲਾਏ ਤੇ ਮਹਾਰਾਜਾ ਦਲੀਪ ਸਿੰਘ ਦੇ ਇਸ ਰਿਸ਼ਤੇ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਖਤਮ ਹੋ ਗਈ।

ਇਸ ਤਰ੍ਹਾਂ ਵਾਇਸਰਾਏ ਹਿੰਦ ਦੇ ਅੜਿੱਕਾ ਬਣਨ ਕਾਰਨ ਮਹਾਰਾਜਾ ਦਲੀਪ ਸਿੰਘ ਦਾ ਕਿਸੇ ਸਿੱਖ ਘਰਾਣੇ ਦੀ ਮੁਟਿਆਰ ਨਾਲ ਵਿਆਹ ਬੰਧਨ ਵਿੱਚ ਬੱਝਣਾ ਸੰਭਵ ਨਾ ਹੋ ਸਕਿਆ।

# ਢੀਂਡਸਾ ਨੇ ਕਿਹਾ: ਕਿਸਾਨ ਜਥੇਬੰਦੀਆਂ ਦੇ ਹੁਕਮ ਉੱਤੇ 'ਪਦਮ ਭੂਸ਼ਣ' ਵੀ ਵਾਪਸ ਕਰ ਦੇਵਾਂਗਾ



ਲੁਧਿਆਣਾ, 26 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਨੇ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਜੋ ਬੀਬੀ ਭੱਠਲ ਉਨ੍ਹਾਂ ਉੱਤੇ ਰਾਜ ਸਭਾ ਤੋਂ ਅਸਤੀਫ਼ਾ ਦੇਣ ਅਤੇ ਪਦਮ ਭੂਸ਼ਣ ਵਾਪਸ ਕਰਨ ਦੀ ਮੰਗ ਕਰ ਰਹੀ ਹੈ, ਇਹ ਤਾਂ ਛੋਟੀ ਗੱਲ ਹੈ।

ਢੀਂਡਸਾ ਨੇ ਕਿਹਾ ਕਿ ਉਨ੍ਹਾਂ ਨੇ ਫੈਸਲਾ ਕਿਸਾਨ ਜਥੇਬੰਦੀਆਂ ਉੱਤੇ ਛੱਡ ਦਿੱਤਾ ਹੈ ਕਿ ਜੇ ਕਿਸਾਨ ਜਥੇਬੰਦੀਆਂ ਦੀਆਂ ਮੰਗਾਂ ਮੇਰੇ ਪਦਮ ਭੂਸ਼ਣ ਵਾਪਸ ਕਰਨ ਨਾਲ ਹੱਲ ਹੁੰਦੀਆ ਹਨ ਤਾਂ ਉਹ ਇੱਕ ਮਿੰਟ ਵੀ ਨਹੀਂ ਲਾਉਣਗੇ, ਫੌਰੀ ਵਾਪਸ ਕਰ ਦੇਣਗੇ। ਉਨ੍ਹਾ ਕਿਹਾ: "ਮੈਂ ਕਿਸਾਨ ਜਥੇਬੰਦੀਆਂ ਦਾ ਇੰਤਜ਼ਾਰ ਕਰ ਰਿਹਾ ਹਾਂ। ਬਾਕੀ ਰਹੀ ਗੱਲ ਰਾਜ ਸਭਾ ਮੈਂਬਰੀ ਦੀ, ਇਹ ਗੱਲ ਬੱਚਾ-ਬੱਚਾ ਜਾਣਦਾ ਹੈ ਕਿ ਮੇਰੇ ਵੱਲੋਂ ਅਸਤੀਫ਼ਾ ਦਿੱਤੇ ਜਾਣ ਉਤੇ ਕਾਂਗਰਸ ਪਾਰਟੀ ਦਾ ਨੇਤਾ ਰਾਜ ਸਭਾ ਵਿੱਚ ਮੇਰੀ ਥਾਂ ਜਾਵੇਗਾ, ਇਸ ਲਈ ਬੀਬੀ ਭੱਠਲ ਦੇ ਮਨ ਵਿੱਚ ਰਾਜ ਸਭਾ ਮੈਂਬਰ ਬਣਨ ਦੀ ਲਾਲਸਾ ਹੈ। ਮੈਂ ਬੀਬੀ ਭੱਠਲ ਦੇ ਕਹਿਣ ਉੱਤੇ ਅਸਤੀਫਾ ਨਹੀਂ ਦੇਵਾਂਗਾ, ਮੈਂ ਰਾਜ ਸਭਾ ਵਿੱਚ ਬੈਠ ਕੇ ਕਿਸਾਨਾਂ ਦੀ ਲੜਾਈ ਲੜਾਂਗਾ।"ਉਨ੍ਹਾਂ ਕਿਹਾ ਕਿ ਅਕਾਲੀ ਦਲ (ਡੈਮੋਕ੍ਰੇਟਿਕ) ਕਿਸਾਨਾਂ ਦੇ ਹਰ ਮੋਰਚੇ 'ਚ ਉਨ੍ਹਾਂ ਨਾਲ ਡਟ ਕੇ ਖੜ੍ਹਾ ਰਹੇਗਾ।

# ਕੈਬਨਿਟ ਮੰਤਰੀ ਧਰਮਸੋਤ ਦੇ ਭਾਸ਼ਣ ਉਤੇ ਸਿਆਸਤ ਭਖਣ ਲੱਗੀ

ਪਟਿਆਲਾ, 26 ਅਕਤੂਬਰ (ਪੋਸਟ ਬਿਊਰੋ)- ਪਟਿਆਲਾ ਵਿਖੇ ਕੱਲ੍ਹ ਵੱਖ-ਵੱਖ ਥਾਈਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨੀਂਹ ਪੱਥਰ ਰੱਖੇ ਜਾਣ ਦੌਰਾਨ ਪਿੰਡ ਸਿੱਧੂਵਾਲ ਵਿਖੇ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਦੇ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਜਦੋਂ ਕੈਪਟਨ ਅਮਰਿੰਦਰ ਸਿੰਘ ਦੇ ਹੱਕ 'ਚ ਭਾਸ਼ਣ ਦਿੱਤਾ ਤਾਂ ਉਨ੍ਹਾਂ ਨੇ ਕੈਪਟਨ ਨੇ ਕੀਤੇ ਜਾ ਰਹੇ ਕੰਮਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੀ ਤੁਲਨਾ ਗੁਰੂ ਨਾਨਕ ਦੇਵ ਜੀ ਵੱਲੋਂ ਕੀਤੇ ਮਾਨ-ਵਤਾ ਭਲਾਈ ਦੇ ਕਾਰਜਾਂ ਨਾਲ ਕੀਤੀ। ਇਸ ਮੌਕੇ ਵੱਖ-ਵੱਖ ਪਾਰਟੀ ਦੇ ਆਗੂਆਂ ਵੱਲੋਂ ਇਸ ਮਾਮਲੇ ਨੂੰ ਲੈ ਕੇ ਸਿਆਸਤ ਭਖਦੀ ਜਾ ਰਹੀ ਹੈ।



ਵਰਨਣ ਯੋਗ ਹੈ ਕਿ ਪਿੰਡ ਸਿੱਧੂਵਾਲ ਵਿਖੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਆਪਣੇ ਭਾਸ਼ਣ ਦੇ ਦੌਰਾਨ ਕੈਪਟਨ ਦੀ ਅਗਵਾਈ ਦਾ ਹਵਾਲਾ ਦਿੰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਮੇਂ-ਸਮੇਂ 'ਤੇ ਪੰਜਾਬ ਦੇ ਹੱਕਾਂ, ਸੱਚਾਂ ਦੀ ਗੱਲ ਕੀਤੀ ਜਾਂਦੀ ਰਹੀ ਹੈ। ਇਸ ਮੌਕੇ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਵੱਲੋਂਉਨ੍ਹਾਂ ਦੇ ਭਾਸ਼ਣ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ।

# ਪੰਜਾਬ ਦੀ ਪਹਿਲੀ ਖੇਡ ਯੂਨੀਵਰਸਿਟੀ ਦੇ ਅਕੈਡਮਿਕ ਕੈਂਪਸ ਦਾ ਨੀਂਹ ਪੱਥਰ ਰੱਖਿਆ ਗਿਆ



ਪਟਿਆਲਾ, 26 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਪੰਜਾਬ ਦੀ ਪਹਿਲੀ ਖੇਡ ਯੂਨੀਵਰਸਿਟੀ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ ਦੇ ਅਕੈਡਮਿਕ ਕੈਂਪਸ ਦਾ ਨੀਂਹ ਪੱਥਰ ਪਿੰਡ ਸਿੱਧੂਵਾਲ, ਪਟਿਆਲਾ ਵਿਖੇ ਰੱਖਿਆ ਹੈ। ਇਹ ਯੂਨੀਵਰਸਿਟੀ ਪਿਛਲੇ ਸਾਲ ਚਾਲੂ ਹੋ ਗਈ ਸੀ ਪਰ ਇਸ ਦਾ ਅਕੈਡਮਿਕ ਕੈਂਪਸ ਉਸਾਰਨਾ ਬਾਕੀ ਸੀ, ਜਿਸ ਦੀ ਸ਼ੁਰੂਆਤ ਕੱਲ੍ਹ ਕੀਤੀ ਗਈ ਹੈ।

ਇਸ ਮੌਕੇ ਕਰਵਾਏ ਗਏ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਖੇਡ ਯੂਨੀਵਰਸਿਟੀ 500 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ, ਜਿਸ ਵਿੱਚੋਂ 60 ਕਰੋੜ ਰੁਪਏ ਇਸ ਦੇ ਪਹਿਲੇ ਪੜਾਅ ਨੂੰ ਚਲਾਉਣ 'ਤੇ ਖ਼ਰਚ ਹੋਣਗੇ। ਇਸ ਨਾਲ ਅਕੈਡਮਿਕ ਤੇ ਪ੍ਰਬੰਧਕੀ ਬਲਾਕ, ਹੋਸਟਲ, ਅੰਦਰੂਨੀ ਸੜਕਾਂ ਅਤੇ ਚਾਰਦੀਵਾਰੀ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਨੇ ਯੂਨੀਵਰਸਿਟੀ ਲਈ 100 ਏਕੜ ਦੇ ਕਰੀਬ ਜ਼ਮੀਨ ਮੁਫ਼ਤ ਦੇਣ ਵਾਲੇ ਪਿੰਡ ਸਿੱਧੂਵਾਲ ਦੇ ਸਰਪੰਚ ਤਰਸੇਮ ਸਿੰਘ, ਸਮੁੱਚੀ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਪਿੰਡ ਸਿੱਧੂਵਾਲ ਨੂੰ ਮਾਡਲ ਪਿੰਡ ਵਜੋਂ ਵਿਕਸਤ ਕਰਨ ਦੇ ਲਈ 50 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਇੱਥੇ ਕਰਾਏ ਜਾਣ ਵਾਲੇ ਕਾਫੀ ਕੋਰਸ ਕੌਮਾਂਤਰੀ ਪੱਧਰ ਦੇ ਹੋਣਗੇ, ਜਿਹੜੇ ਯੂ ਕੇ ਦੀ ਲਾਫ ਬੋਰੋ ਯੂਨੀਵਰਸਿਟੀ ਵਾਂਗੇ ਵਿਉਂਤੇ ਗਏ ਹਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਬਰਟ ਐਲੀਸਨ ਦਾ ਸੁਨੇਹਾ ਵੀ ਇਸ ਮੌਕੇ ਸੁਣਾਇਆ ਗਿਆ। ਲੋਕ ਸਭਾ ਮੈਂਬਰ ਬੀਬੀ ਪਰਨੀਤ ਕੌਰ, ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਖਿਡਾਰੀਆਂ ਦਾ ਭਵਿੱਖ ਸੰਵਾਰੇਗੀ ਤੇ ਪਟਿਆਲਾ ਨੂੰ ਖੇਡਾਂ ਦੇ ਖੇਤਰ ਵਿੱਚ ਸੰਸਾਰ ਨਕਸ਼ੇ ਉੱਤੇ ਉਭਾਰੇਗੀ। ਯੂਨੀਵਰਸਿਟੀ ਦੇ ਉਪ ਕੁਲਪਤੀ ਲੈਫਟੀਨੈਂਟ ਜਨਰਲ ਚੀਮਾ ਨੇ ਦੱਸਿਆ ਕਿ 2021-22 ਦੇ ਸੈਸ਼ਨ ਵਿੱਚ 142 ਵਿਦਿਆਰਥੀਆਂ ਦੀ ਕੁੱਲ ਸਮਰਥਾ ਵਿੱਚੋਂ 120 ਵਿਦਿਆਰਥੀ ਦਾਖਲਾ ਲੈ ਚੁੱਕੇ ਹਨ।

# ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਮਾਲ ਗੱਡੀਆਂ ਰੋਕੇ ਜਾਣ ਦੀ ਕਿਸਾਨ ਆਗੂਆਂ ਵੱਲੋਂ ਨਿਖੇਧੀ



ਚੰਡੀਗੜ੍ਹ, 26 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਮਾਲ-ਗੱਡੀਆਂ ਰੋਕਣ ਦੀ ਕਿਸਾਨਾਂ ਦੇ ਨੇਤਾਵਾਂ ਨੇ ਸਖ਼ਤ ਨਿਖੇਧੀ ਕੀਤੀ ਹੈ। ਪੰਜਾਬ ਦੀਆਂ 30 ਕਿਸਾਨ ਜਥੇਬੰਦੀਆਂ ਨੇ ਹਾਲਾਤ 'ਤੇ ਚਰਚਾ ਲਈ ਹੰਗਾਮੀ ਆਨਲਾਈਨ ਮੀਟਿੰਗ ਕੀਤੀ, ਜਿਸ ਵਿੱਚ ਕਿਸਾਨ ਨੇਤਾਵਾਂ ਨੇ ਐਲਾਨ ਕੀਤਾ ਕਿ ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦੇ ਲੋਕ ਵਿਰੋਧੀ ਮਨਸੂਬਿਆਂ ਤੇ ਕਿਸਾਨਾਂ ਦੇ ਸੰਘਰਸ਼ ਨੂੰ ਬਦਨਾਮ ਅਤੇ ਨਾਕਾਮ ਕਰਨ ਦੀਆਂ ਸਾਜਿਸ਼ਾਂ ਨੂੰ ਬਿਲਕੁਲ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਕਿਸਾਨ ਆਗੂ ਡਾ. ਦਰਸ਼ਨ ਪਾਲ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਕਿਸਾਨ ਜਥੇਬੰਦੀਆਂ ਦੇ ਨੇਤਾਵਾਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਰੇਲਵੇ-ਟ੍ਰੈਕ ਖਾਲੀ ਕਰ ਦਿੱਤੇ ਗਏ ਹਨ, ਪਰ ਕੇਂਦਰ ਸਰਕਾਰ ਮਾਲ-ਗੱਡੀਆਂ ਚਲਾਉਣ ਲਈ ਇਹ ਸ਼ਰਤ ਮੜ੍ਹ ਰਹੀ ਹੈ ਕਿ ਕਿਸਾਨ ਯਾਤਰੀ-ਗੱਡੀਆਂ ਵੀ ਲੰਘਣ ਦੇਣ, ਜੋ ਨਿੰਦਣ ਯੋਗ ਹੈ। ਕਿਸਾਨ ਨੇਤਾਵਾਂ ਨੇ ਕਿਹਾ ਕਿ ਅਸਲ ਵਿੱਚ ਕੇਂਦਰ ਸਰਕਾਰ ਕਿਸਾਨਾਂ ਦੇ ਅੰਦਲੋਨ ਨੂੰ ਦਬਾਉਣ ਲਈ ਬਹਾਨੇ ਲੱਭ ਰਹੀ ਹੈ, ਪਰ ਜਥੇਬੰਦੀਆਂ ਕੇਂਦਰ ਸਰਕਾਰ ਦਾ ਦਬਾਅ ਨਹੀਂ ਸਹਿਣਗੀਆਂ। ਕਿਸਾਨ ਆਗੂਆਂ ਨੇ ਕਿਹਾ ਕਿ ਭਾਜਪਾ ਪੂਰੀ ਤਰ੍ਹਾਂ ਬੌਖਲਾ ਚੁੱਕੀ ਹੈ। ਇਸ ਕਰ ਕੇ ਉਹ ਆਪਣੀ ਹੋਂਦ ਬਚਾਉਣ ਲਈ ਪੰਜਾਬ ਵਿੱਚ ਦਲਿਤ ਪੱਤਾ ਖੇਡ ਰਹੀ ਹੈ। ਭਾਜਪਾ ਦੇ ਇਸ ਕਿਰਦਾਰ ਨੂੰ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਸਮਝਦੇ ਹਨ ਤੇ ਉਸ ਦੀ ਇਸ ਕੋਸ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਇਸ ਮੌਕੇ ਕਿਸਾਨ ਜਥੇਬੰਦੀਆਂ ਦੇ ਆਗੂ ਬਲਬੀਰ ਸਿੰਘ ਰਾਜੇਵਾਲ, ਕੁਲਵੰਤ ਸਿੰਘ ਸੰਧੂ, ਜਤਿੰਦਰ ਸਿੰਘ ਛੀਨਾ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਅਸੀਂ ਲਗਾਤਾਰ ਮੰਗ ਕਰਦੇ ਰਹੇ ਕਿ ਦਲਿਤ ਵਿਦਿਆਰਥੀ ਵਜ਼ੀਫਾ ਘਪਲੇ ਦੀ ਜਾਂਚ ਹੋਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਹੋਣ, ਪਰ ਜਦ ਕਿਸਾਨ ਵਿਰੋਧੀ ਕਾਨੂੰਨਾਂ ਖ਼ਿਲਾਫ਼ ਭਾਜਪਾ ਦੇ ਆਗੂਆਂ ਦੇ ਥਾਂ-ਥਾਂ ਘਿਰਾਓ ਹੋ ਰਹੇ ਹਨ ਤਾਂ ਗਿਣੀ ਮਿਥੀ ਸਾਜਿਸ਼ ਤਹਿਤ ਇਸ ਘਪਲੇ ਦੇ ਨਾਂ 'ਤੇ ਜਨਤਕ ਸਰਗਰਮੀਆਂ ਵਿੱਢ ਕੇ ਕਿਸਾਨਾਂ ਵਿੱਚ ਉਕਸਾਹਟ ਪੈਦਾ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਭਾਜਪਾ ਆਗੂ ਵਿਜੇ ਸਾਂਪਲਾ ਵੱਲੋਂ ਮਾਰਚ ਕਰਨ ਦਾ ਸੱਦਾ ਇਸ ਗੱਲ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਚੌਕਸ ਹਨ ਅਤੇ ਭਾਜਪਾ ਵੱਲੋਂ ਸੂਬੇ ਵਿੱਚ ਤਣਾਅ ਪੈਦਾ ਕਰਨ ਦੇ ਇਸ ਕਦਮ ਦਾ ਪੂਰੀ ਸੂਝ-ਬੂਝ ਨਾਲ ਜਵਾਬ ਦੇਣਗੀਆਂ। ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ਾਂ ਵਿੱਚ ਦਲਿਤ ਵੀ ਸ਼ਾਮਲ ਹਨ ਤੇ ਅਸੀਂ ਦਲਿਤਾਂ ਦੇ ਹਰ ਤਰ੍ਹਾਂ ਦੇ ਸੰਘਰਸ਼ ਵਿੱਚ ਉਨ੍ਹਾਂ ਨਾਲ ਖੜ੍ਹਾਂਗੇ।

## ਮਹਿੰਗੇ ਡੀਜ਼ਲ ਕਾਰਨ ਦੂਜੇ ਰਾਜਾਂ ਦੀਆਂ ਗੱਡੀਆਂ ਨੇ ਪੰਜਾਬ ਵਾਲੇ ਪੈਟਰੋਲ ਪੰਪਾਂ ਤੋਂ ਮੂੰਹ ਮੋੜਿਆ

ਜਲੰਧਰ, 26 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਕਿਸਾਨਾਂ ਵੱਲੋਂ ਕਾਫ਼ੀ ਸਮੇਂ ਤੋਂ ਰੇਲ ਆਵਾਜਾਈ ਬੰਦ ਰਹਿਣ ਕਰਕੇ ਜਿੱਥੇ ਸਾਮਾਨ ਲੈ ਜਾਣ ਵਾਲੇ ਟਰੱਕਾਂ ਦੀ ਗਿਣਤੀ 'ਚ ਵਾਧਾ ਹੋ ਗਿਆ, ਉਥੇ ਪੰਜਾਬ ਦੇ ਪੈਟਰੋਲ ਪੰਪਾਂ ਦੀ ਵਿੱਕਰੀ 'ਚ ਕਿਸੇ ਤਰ੍ਹਾਂ ਦਾ ਕੋਈ ਵਾਧਾ ਨਹੀਂ ਹੋ ਸਕਿਆ। ਜਦੋਂਤੋਂ ਦੂਜੇ ਰਾਜਾਂ ਦੇ ਮੁਕਾਬਲੇ ਪੰਜਾਬ 'ਚ ਡੀਜ਼ਲ ਤਿੰਨ ਰੁਪਏ ਪ੍ਰਤੀ ਲੀਟਰ ਦਾ ਫ਼ਰਕ ਹੋਇਆ ਹੈ ਉਸ ਤੋਂ ਬਾਅਦ ਦੂਜੇ ਰਾਜਾਂ ਦੇ ਸਾਮਾਨ ਲੈ ਜਾਣ ਵਾਲੇ ਬਹੁਤੇ ਟਰੱਕਾਂ ਵਾਲਿਆਂ ਨੇ ਪੰਜਾਬ ਦੇ ਪੈਟਰੋਲ ਪੰਪਾਂ ਤੋਂ ਮੂੰਹ ਮੋੜ ਲਿਆ ਹੈ। ਪਿਛਲੇ ਸਾਲ ਪੰਜਾਬ ਸਰਕਾਰ ਨੇ ਪੈਟਰੋਲ ਪੰਪ ਮਾਲਕਾਂ ਨੂੰ ਬਜਟ 'ਚ ਰਾਹਤ ਦਿੱਤੀ ਸੀ, ਜਿਸ ਕਰਕੇ ਪੰਜਾਬ ਦੇ ਮੁਕਾਬਲੇ ਦੂਜੇ ਰਾਜਾਂ ਵਿੱਚ ਡੀਜ਼ਲ ਦੀ ਕੀਮਤ 'ਚ ਪੈਸਿਆਂ 'ਚ ਫ਼ਰਕ ਰਹਿ ਗਿਆ ਸੀ। ਇਸ ਨਾਲ ਬਹੁਤਾ ਅਸਰ ਪੰਜਾਬ ਦੇ ਪੈਟਰੋਲ ਪੰਪਾਂ ਨੂੰ ਨਹੀਂ ਹੋਇਆ ਸੀ। ਉਸ ਦੌਰਾਨ ਪੰਜਾਬ ਦੇ ਪੈਟਰੋਲ ਪੰਪਾਂ 'ਤੇ ਡੀਜ਼ਲ ਦੀ ਵਿੱਕਰੀ ਫਿਰ ਵੱਧ ਗਈ ਸੀ ਪਰ ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਪੰਜਾਬ ਸਰਕਾਰ ਨੇ ਵੈਟ 'ਚ ਵਾਧਾ ਕੀਤਾ ਤਾਂ ਉਸ ਵੇਲੇ ਦੂਜੇ ਰਾਜਾਂ ਦੇ ਮੁਕਾਬਲੇ ਪੰਜਾਬ 'ਚ ਡੀਜ਼ਲ ਤਿੰਨ ਰੁਪਏ ਮਹਿੰਗਾ ਹੋ ਗਿਆ ਸੀ।

ਇਸ ਵੇਲੇ ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ 'ਚ ਡੀਜ਼ਲ 3 ਰੁਪਏ ਲੀਟਰ ਸਸਤਾ ਹੈ। ਚੰਡੀਗੜ੍ਹ 'ਚ ਪੈਟਰੋਲ 77.99, ਡੀਜ਼ਲ 70.17, ਪਾਣੀਪਤ ਪੈਟਰੋਲ 78.70, ਡੀਜ਼ਲ 70.63, ਊਨਾ (ਹਿਮਾਚਲ ਪ੍ਰਦੇਸ਼) ਪੈਟਰੋਲ 77.97 ਤੇ ਡੀਜ਼ਲ 69.24 ਰੁਪਏ ਤੇ ਜਲੰਧਰ 'ਚ ਪੈਟਰੋਲ 82.23 ਰੁਪਏ ਤੇ ਡੀਜ਼ਲ 72.10 ਰੁਪਏ ਪ੍ਰਤੀ ਲੀਟਰ ਹੈ। ਇਹੋ ਕਾਰਨ ਹੈ ਕਿ ਕੋਈ ਗੱਡੀ ਜੇ ਜੰਮੂ-ਕਸ਼ਮੀਰ ਤੋਂ ਸਾਮਾਨ ਲੈ ਕੇ ਦਿੱਲੀ ਜਾਣਾ ਚਾਹੁੰਦੀ ਹੈ ਤਾਂ ਉਹ ਪੰਜਾਬ ਵਿੱਚ ਸਿਰਫ਼ ਲੋੜ ਮੁਤਾਬਕ ਡੀਜ਼ਲ ਪੁਆਉਂਦੇ ਹਨ ਤੇ ਇਹੋ ਕਾਰਨ ਹੈ ਕਿ ਪੰਜਾਬ ਤੋਂ ਸਾਮਾਨ ਲੈ ਕੇ ਹਿਮਾ-ਚਲ ਜਾਣ ਵਾਲੀਆਂ ਗੱਡੀਆਂ ਪੰਜਾਬ ਤੋਂ ਸਿਰਫ਼ ਹਿਮਾਚਲ ਦੀ ਹੱਦ 'ਤੇ ਪਹੁੰਚਣ ਜਿੰਨਾ ਡੀਜ਼ਲ ਪੁਆਉਂਦੀਆਂ ਹਨ, ਬਾਕੀ ਉਹ ਤਿੰਨ ਰੁਪਏ ਸਸਤਾ ਡੀਜ਼ਲ ਹਿਮ-ਾਚਲ, ਹਰਿਆਣਾ ਜਾਂ ਚੰਡੀਗੜ੍ਹਤੋਂ ਪੁਆ ਲੈਂਦੇ ਹਨ।

ਪੈਟਰੋਲ ਪੰਪ ਕਾਰੋਬਾਰੀ ਸੂਤਰਾਂ ਮੁਤਾ-ਬਕ ਪੰਜਾਬ 'ਚ ਡੀਜ਼ਲ ਦੀ ਵਿੱਕਰੀ 'ਚ 25 ਤੋਂ 30 ਫ਼ੀਸਦੀ ਦੀ ਕਮੀ ਆ ਰਹੀ ਹੈ ਅਤੇ ਜਿੰਨੀ ਦੇਰ ਤੱਕ ਡੀਜ਼ਲ ਦੀ ਕੀਮਤ ਦੂਜੇ ਰਾਜਾਂ ਦੇ ਬਰਾਬਰ ਨਹੀਂ ਹੁੰਦੀ ਤਾਂ ਪੈਟਰੋਲ ਪੰਪ ਮਾਲਕਾਂ ਨੂੰ ਫ਼ਾਇਦਾ ਹੋਣ ਦੀ ਸੰਭਾਵਨਾ ਨਹੀਂ ਹੈ। ਜਾਣਕਾਰ ਸੂਤਰਾਂ ਮੁਤਾਬਕ ਇਸ ਨਾਲ ਪੰਜਾਬ ਸਰਕਾਰ ਨੂੰ ਵੀ ਸਾਲਾਨਾ 1500 ਕਰੋੜ ਰੁਪਏ ਦੀ ਘੱਟ ਆਮਦਨ ਆ ਰਹੀ ਹੈ। ਪੰਜਾਬ ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਦੇ ਬੁਲਾਰੇ ਮੌਂਟੀ ਸਹਿਗਲ ਦਾ ਕਹਿਣਾ ਸੀ ਕਿ ਇੱਕ ਪਾਸੇ ਪੰਜਾਬ ਸਰਕਾਰ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਦੂਜੇ ਪਾਸੇ ਤਾਂ ਪੰਜਾਬ 'ਚ ਕਿਸਾਨਾਂ ਨੂੰ ਟਰਾਂਸਪੋਰਟਰਾਂ ਵਾਂਗ ਤਿੰਨ ਰੁਪਏ ਡੀਜ਼ਲ ਮਹਿੰਗਾ ਮਿਲਦਾ ਹੈ।

# ਵਰਲਡ ਇਕੋਨਾਮਿਕ ਫੋਰਮ ਦੇ ਮੁਖੀ ਮੁਤਾਬਕ ਭਾਰਤ ਦੁਨੀਆਂ ਦਾ ਏਜੰਡਾ ਤਿਆਰ ਕਰ ਸਕਦੈ



ਨਵੀਂ ਦਿੱਲੀ, 26 ਅਕਤੂਬਰ (ਪੋਸਟ ਬਿਊਰੋ)- ਵਰਲਡ ਇਕੋਨਾਮਿਕ ਫੋਰਮ (ਡਬਲਯੂ ਈ ਐਫ) ਦੇ ਚੇਅਰਮੈਨ ਅਤੇ ਮੋਢੀ ਕਲੌਸ ਸ਼ਵਾਬ ਨੇ ਕਿਹਾ ਹੈ ਕਿ ਭਾਰਤ ਨੇ ਕੋਵਿਡ 19 ਮਹਾਮਾਰੀ ਨਾਲ ਨਜਿੱਠਣ 'ਚ ਤੁਰੰਤ ਕਾਰਵਾਈ ਕੀਤੀ ਤੇ ਸਮਾਂ ਰਹਿੰਦੇ ਕਦਮ ਚੁੱਕੇ ਹਨ। ਉਨ੍ਹਾਂ ਦੀ ਰਾਏ ਵਿੱਚ ਭਾਰਤ ਵਿੱਚ ਇੰਨੀਆਂ ਸੰਭਾਵਨਾਵਾਂ ਹਨ ਕਿ ਦੁਨੀਆ ਦਾ ਏਜੰਡਾ ਤੈਅ ਕਰ ਸਕਦਾ ਹੈ। ਭਾਰਤ ਸਾਹਮਣੇ ਜ਼ਿਆਦਾ ਡਿਜੀਟਲ ਤੇ ਮਜ਼ਬੂਤ ਅਰਥਚਾਰੇ ਵੱਲ ਛਾਲ ਲਾਉਣ ਦਾ ਸਭ ਤੋਂ ਵੱਡਾ ਮੌਕਾ ਹੈ, ਜਿਸ ਦਾ ਉਹ ਇਸ ਵਕਤ ਲਾਭ ਉਠਾ ਸਕਦਾ ਹੈ।

ਜਨੇਵਾ ਵਿੱਚ ਸ਼ਵਾਬ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਉਹ ਭਾਰਤ ਬਾਰੇ ਆਸਵੰਦ ਹਨ। ਭਾਰਤ ਖੁਦ ਨੂੰ ਮਜ਼ਬੂਤ ਦੇਸ਼ ਦੇ ਰੂਪ ਵਿੱਚ ਵਿਕਸਤ ਕਰਨ ਵਿੱਚ ਲੱਗਾ ਹੈ। ਦੁਨੀਆ ਭਾਰਤ ਨੂੰ ਇੱਕ ਪ੍ਰੇਰਨਾ ਵਜੋਂ ਦੇਖੇਗੀ।ਸ਼ਵਾਬ ਨੇ ਕਿਹਾ ਕਿ ਆਬਾਦੀ ਆਧਰਤ ਲਾਭਾਂਅਤੇ ਵੱਡੇ ਪੱਧਰ ਉੱਤੇ ਵੰਨ ਸੁਵੰਨਤਾ ਦੇ ਕਾਰਨ ਭਾਰਤ ਕੋਲ ਕੌਮਾਂਤਰੀ ਏਜੰਡੇ ਨੂੰ ਆਕਾਰ ਦੇਣ ਤੇ ਸਮੂਹਿਕ ਭਵਿੱਖ ਨੂੰ ਪ੍ਰਭਾਸ਼ਿਤ ਕਰਨ ਦੀ ਤਾਕਤ ਹੈ। ਭਾਰਤ ਨੇ ਕੋਵਿਡ 19 ਮਹਾਮਾਰੀ ਦੇ ਕਹਿਰ ਨਾਲ ਨਜਿੱਠਣ ਲਈ ਸ਼ੁਰੂ ਵਿੱਚ ਕਾਫੀ ਮਜ਼ਬੂਤ ਪ੍ਰਤੀਕਿਰਿਆ ਦਿੱਤੀ। ਸਮੇਂ 'ਤੇ ਲਾਕਡਾਊਨ ਨਾਲ ਲੋਕਾਂ ਨੂੰ ਰੋਟੀ ਦੇ ਸੰਭਾਵਿਤ ਸੰਕਟ ਤੋਂ ਬਚਾਉਣ ਲਈ ਅੱਸੀ ਕਰੋੜ ਲੋਕਾਂ ਨੂੰ ਰਾਸ਼ਨ ਦਿੱਤਾ ਗਿਆ। ਛੋਟੇ ਕਾਰੋਬਾਰ ਲਈ ਗਾਰੰਟੀ ਮੁਕਤ ਕਰਜ਼ੇ ਦੀ ਸਹੂਲਤ ਦਿੱਤੀ ਗਈ। ਉਂਜ ਇਹ ਸਹੀ ਹੈ ਕਿ ਭਾਰਤ ਮਹਾਮਾਰੀ ਦੇ ਕਾਰਨ ਗੈਰ ਸੰਗਠਿਤ ਖੇਤਰ, ਘੱਟ ਆਮਦਨ ਵਾਲਾ ਵਰਗ ਤੇ ਦਿਹਾੜੀਦਾਰ ਮਜ਼ਦੂਰਾਂ ਨੂੰ ਅਸੁਰੱਖਿਅਤ ਹਾਲਾਤ ਵਿੱਚ ਪਹੁੰਚਣ ਤੋਂਨਹੀਂ ਰੋਕ ਸਕਿਆ। ਅੱਜ ਉਨ੍ਹਾਂ ਦੇ ਜੀਵਨ ਤੇ ਰੋਜ਼ੀ-ਰੋਟੀ ਦੀ ਸੁਰੱਖਿਆ ਸਭ ਤੋਂ ਵੱਡੀ ਚਿੰਤਾ ਹੈ, ਕਿਉਂਕਿ ਇਸ ਤੋਂ ਵੱਧ ਡੂੰਘਾ ਮਨੁੱਖੀ ਸੰਕਟ ਪੈਦਾ ਹੋ ਸਕਦਾ ਹੈ।

# ਮਹਾਂਰਾਸ਼ਟਰ ਦੇ ਸੀ ਐਮ ਨੇ ਕਿਹੈ : ਬਿਹਾਰ ਲਈ ਟੀਕਾ ਮੁਫਤ, ਕੀ ਗੱਲ ਬਾਕੀ ਰਾਜਾਂ ਦੇ ਲੋਕ ਬੰਗਲਾ ਦੇਸ਼ੀ ਨੇ!



ਮੁੰਬਈ, 26 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੇ ਬਿਹਾਰ ਵਿੱਚ ਕੋਵਿਡ-19 ਦਾ ਟੀਕਾ ਮੁਫਤ ਦੇਣ ਦੇ ਭਾਜਪਾ ਦੇ ਚੁਣਾਵੀ ਵਾਅਦੇ 'ਤੇ ਵਿਅੰਗ ਕਸਦੇ ਹੋਏ ਕਿਹਾ ਕਿ ਕੀ ਗੱਲ ਦੂਸਰੇ ਰਾਜਾਂ ਦੇ ਲੋਕ ਬੰਗਲਾ ਦੇਸ਼ ਜਾਂ ਕਜਾਕਿਸਤਾਨ ਤੋਂ ਆਏ ਹਨ? ਇਹੋ ਜਿਹੀਆਂ ਗੱਲਾਂ ਕਰਨ ਵਾਲੇ ਲੋਕਾਂ ਨੂੰ ਆਪਣੇ ਆਪ ਉੱਤੇ ਸ਼ਰਮ ਆਉਣੀ ਚਾਹੀਦੀ ਹੈ, ਜੋ ਕੇਂਦਰ ਸਰਕਾਰ ਵਿੱਚ ਬੈਠੇ ਹੋਏ ਹਨ।

ਉਧਵ ਠਾਕਰੇ ਕੱਲ੍ਹ ਦਾਦਰ ਦੇ ਸਾਵਰਕਰ ਹਾਲ ਵਿੱਚ ਸ਼ਿਵ ਸੈਨਾ ਦੀ ਸਾਲਾਨਾ ਦੁਸਹਿਰਾ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਵਾਰ ਕੋਰੋਨਾ ਵਾਇਰਸ ਦੀ ਰੋਕਥਾਮ ਦੇ ਨਿਯਮਾਂ ਨੂੰ ਦੇਖਦਿਆਂ ਹਰ ਸਾਲ ਵਾਂਗ ਸ਼ਿਵਾਜੀ ਪਾਰਕ ਵਿੱਚ ਇਹ ਪ੍ਰਬੰਧ ਨਹੀਂ ਕੀਤਾ ਗਿਆ। ਅਦਾਕਾਰਾ ਕੰਗਨਾ ਰਨੌਤ ਉੱਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਕੁਝ ਲੋਕ ਰੋਜੀ-ਰੋਟੀ ਲਈ ਮੁੰਬਈ ਆਉਂਦੇ ਹਨ ਅਤੇ ਇਸ ਸ਼ਹਿਰ ਨੂੰ ਪੀ ਓ ਕੇ (ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ) ਬੋਲ ਕੇ ਉਸ ਨੂੰ ਗਾਲੀ ਦਿੰਦੇ ਹਨ। ਠਾਕਰੇ ਨੇ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਵਿੱਚ ਆਪਣੇ ਬੇਟੇ ਆਦਿਤਯ ਠਾਕਰੇ ਉੱਤੇ ਲੱਗ ਰਹੇ ਦੋਸ਼ਾਂ 'ਤੇ ਚੁੱਪ ਤੋੜਦੇ ਹੋਏ ਕਿਹਾ ਕਿ ਬਿਹਾਰ ਦੇ ਬੇਟੇ ਨੂੰ ਨਿਆਂ ਦੇ ਲਈ ਸ਼ੋਰ ਮਚਾ ਰਹੇ ਲੋਕ ਮਹਾਰਾਸ਼ਟਰ ਦੇ ਬੇਟੇ ਦੇ ਚਰਿੱਤਰ-ਘਾਤ ਵਿੱਚ ਲੱਗੇ ਹੋਏ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਜੀ ਐਸ ਟੀ ਪ੍ਰਣਾਲੀ ਉਤੇ ਮੁੜ ਵਿਚਾਰ ਕਰਨ ਦਾ ਸਮਾਂ ਆ ਗਿਆ ਹੈ ਅਤੇ ਜੇ ਜ਼ਰੂਰੀ ਹੋਵੇ ਤਾਂ ਇਸ ਨੂੰ ਬਦਲਣਾ ਚਾਹੀਦਾ ਕਿਉਂਕਿ ਰਾਜਾਂ ਨੂੰ ਇਸ ਨਾਲ ਫਾਇਦਾ ਨਹੀਂਹੋ ਰਿਹਾ। ਠਾਕਰੇ ਨੇ ਕਿਹਾ ਕਿ ਸਾਨੂੰ (ਮਹਾਰਾਸ਼ਟਰ ਨੂੰ) ਅਜੇ ਤੱਕ ਜੀ ਐਸ ਟੀ ਦਾ 38,000 ਕਰੋੜ ਰੁਪਏ ਦਾ ਬਕਾਇਆ ਨਹੀਂ ਮਿਲਿਆ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੂੰ ਲੋਕਾਂ ਨੂੰ ਜਾਤੀ ਅਤੇ ਧਰਮ ਦੇ ਆਧਾਰ 'ਤੇ ਨਹੀਂ ਵੰਡੀਆਂ ਨਹੀਂ ਪਾਉਣੀਆਂ ਚਾਹੀਦੀਆਂ।

# ਮੋਹਣ ਭਾਗਵਤ ਨੇ ਫਿਰ ਕਿਹਾ: ਭਾਰਤ 'ਹਿੰਦੂ ਰਾਸ਼ਟਰ' ਹੈ



ਨਾਗਪੁਰ, 26 ਅਕਤੂਬਰ, (ਪੋਸਟ ਬਿਊਰੋ)- ਅੱਜ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਣ ਭਾਗਵਤ ਨੇ ਫਿਰ ਕਿਹਾ ਹੈ ਕਿ ਭਾਰਤ 'ਹਿੰਦੂ ਰਾਸ਼ਟਰ' ਹੈ ਤੇ ਹਿੰਦੂਤਵ ਦੇਸ਼ ਦੀ ਸ਼ਖ਼ਸੀਅਤ ਦਾ ਸਾਰ-ਤੱਤ ਹੈ।

ਆਰ ਐੱਸ ਐੱਸ ਦੀ ਸਾਲਾਨਾ 'ਵਿਜੈਦਸ਼ਮੀ ਰੈਲੀ' ਮੌਕੇ ਸੰਘ ਦੇ ਮੁਖੀ ਮੋਹਣ ਭਾਗਵਤ ਨੇ ਕਿਹਾ ਕਿ ਜਦ ਸੰਘ ਜਦੋਂ ਇਹ ਕਹਿੰਦਾ ਹੈ ਕਿ ਹਿੰਦੁਸਤਾਨ 'ਹਿੰਦੂ ਰਾਸ਼ਟਰ' ਹੈ ਤਾਂ ਇਸ ਦੇ ਮਨ ਵਿਚ ਸਿਆਸੀ ਜਾਂ ਤਾਕਤ ਉੱਤੇ ਕੇਂਦਰਤ ਸੰਕਲਪ ਨਹੀਂ ਹੁੰਦਾ। ਉਨ੍ਹਾ ਕਿਹਾ ਕਿ ਅਸੀਂ ਸਿੱਧੇ ਤੌਰ 'ਤੇ ਦੇਸ਼ ਦੀ ਹੋਂਦ ਨੂੰ ਹਿੰਦੂ ਇਸ ਲਈ ਕਹਿ ਰਹੇ ਹਾਂਕਿਉਂਕਿ ਸਾਡੀਆਂ ਸਾਰੀਆਂ ਸਭਿਆਚਾਰਕ ਤੇ ਸਮਾਜੀ ਰਵਾਇਤਾਂ ਇਸ ਦੇ ਸਿਧਾਂਤਾਂਤੋਂ ਸੇਧ ਲੈਂਦੀਆਂ ਹਨ। ਆਰ ਐੱਸ ਐੱਸਦੇ ਮੁਖੀ ਨੇ ਕਿਹਾ ਕਿ ਹਿੰਦੂਤਵ ਸ਼ਬਦ ਤੋੜ-ਮਰੋੜ' ਦਿੱਤਾ ਗਿਆ ਹੈ। ਇਸ ਨਾਲ ਕਰਮ-ਕਾਂਡ (ਵਿਧੀ-ਵਿਧਾਨ) ਸੰਕੇਤਕ ਤੌਰ ਉੱਤੇ ਜੋੜ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਘ ਪਰਵਾਰ ਇਸ ਸ਼ਬਦ ਦੀ ਵਰਤੋਂ ਮੌਕੇ ਇਸ ਗਲਤਫ਼ਹਿਮੀ ਵੱਲ ਸੰਕੇਤ ਨਹੀਂ ਕਰਦਾ। ਭਾਗਵਤ ਨੇ ਕਿਹਾ ਕਿ 'ਸਾਡੇ ਲਈ ਇਹ ਉਹ ਸ਼ਬਦ ਹੈ, ਜਿਸ ਨਾਲ ਪਛਾਣ ਨੂੰ ਦਿਖਾਇਆ ਗਿਆ ਹੈ, ਇਸ ਦੇ ਨਾਲ ਰੂਹਾਨੀਅਤ ਨਾਲ ਜੁੜੀਆਂ ਰਵਾਇਤਾਂ ਹਨ, ਜਿਨ੍ਹਾਂ ਦੀ ਨਿਰੰਤਰਤਾ ਨੂੰ ਪ੍ਰਗਟ ਕੀਤਾ ਜਾਂਦਾ ਅਤੇ ਭਾਰਤ ਦੀ ਧਰਤੀ 'ਚ ਪੈਦਾ ਹੋਈਆਂ ਸਮੁੱਚੀਆਂ ਕਦਰਾਂ-ਕੀਮਤਾਂ ਦਾ ਸਰਮਾਇਆ ਹੈ, ਜਿਸ ਨੂੰ ਪ੍ਰਤੱਖ ਕੀਤਾ ਗਿਆ ਹੈ।' ਇਸ ਲਈ ਸੰਘ ਮੰਨਦਾ ਹੈ ਕਿ ਇਹ ਸ਼ਬਦ ਭਾਰਤ ਦੀ ਸਾਰੀ 130 ਕਰੋੜ ਦੀ ਆਬਾਦੀ ਉਤੇ ਲਾਗੂ ਹੁੰਦਾ ਹੈ, ਉਨ੍ਹਾਂ ਸਾਰਿਆਂ ਉੱਤੇ, ਜੋ ਖ਼ੁਦ ਨੂੰ ਭਾਰਤ ਦੇ ਧੀਆਂ-ਪੁੱਤਰ ਮੰਨਦੇ ਹਨ। ਭਾਗਵਤ ਨੇ ਕਿਹਾ ਕਿ ਜੋ ਲੋਕ ਆਪਣੇ ਵਡੇਰਿ-ਰਆਂ ਦੀ ਵਿਰਾਸਤ ਉਤੇ ਮਾਣ ਕਰਦੇ ਹਨ, ਉਨ੍ਹਾਂ ਸਾਰਿਆਂ ਉਤੇ ਹਿੰਦੂਤਵ ਸ਼ਬਦ ਢੁੱਕਦਾ ਹੈ।

ਆਰ ਐੱਸ ਐੱਸ ਦੇ ਮੁਖੀ ਨੇ ਕਿਹਾ ਕਿ ਇਸ ਸ਼ਬਦ ਦੇ ਅਸਲ ਅਰਥਤੋਂ ਅਣਜਾਣ ਰਹਿਣ ਨਾਲ ਦੇਸ਼ ਤੇ ਸਮਾਜ ਨੂੰ ਏਕੇ ਵਿਚ ਬੰਨ੍ਹਣ ਵਾਲੇ ਧਾਗੇ ਕਮਜ਼ੋਰ ਪੈਂਦੇ ਹਨ,ਕਿਉਂਕਿ ਦੇਸ਼-ਸਮਾਜ ਨੂੰ ਵੰਡਣ ਵਾਲੇ ਲੋਕ ਪਹਿਲਾਂ ਇਸੇ ਸ਼ਬਦ ਨੂੰ ਨਿਸ਼ਾਨਾ ਬਣਾ ਕੇ ਫ਼ਿਰਕਿਆਂ ਵਿੱਚ ਝਗੜਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਵਿਭਿੰਨਤਾ ਨੂੰ ਹਿੰਦੂ ਦਰਸ਼ਨ ਸ਼ਾਸਤਰ ਵਿਚ ਸਵੀਕਾਰ ਕਰ ਕੇ ਸਨਮਾਨ ਦਿੱਤਾ ਗਿਆ ਹੈ।

ਆਪਣੇ ਆਨਲਾਈਨ ਪ੍ਰਸਾਰਿਤ ਭਾਸ਼ਣ ਵਿਚ ਮੋਹਣ ਭਾਗਵਤ ਨੇ ਕਿਹਾ: 'ਹਿੰਦੂ ਕਿਸੇ ਡੇਰੇ ਜਾਂ ਪੰਥ ਦਾ ਨਾਂ ਨਹੀਂ, ਨਾ ਇਹ ਕਿਸੇ ਰਾਜ ਦੇ ਘੇਰੇ ਵਿਚ ਬੱਝਾ ਹੈ, ਨਾ ਇਹ ਕਿਸੇ ਇਕ ਜਾਤ ਜਾਂ ਖ਼ਾਸ ਭਾਸ਼ਾ ਬੋਲਣ ਵਾਲੇ ਦਾ ਹੱਕ ਹੈ।' ਉਨ੍ਹਾ ਨੇ ਕਿਹਾ: 'ਕਿਸੇ ਨੂੰ ਇਸ ਸ਼ਬਦ ਨੂੰ ਮੰਨਣ ਵਿਚ ਇਤਰਾਜ਼ ਹੋ ਸਕਦਾ ਹੈ, ਪਰ ਜੇ ਉਸ ਦੇ ਮਨ ਦਾ ਵਿਸ਼ਾ-ਵਸਤੂ ਇਸ ਨਾਲ ਮੇਲ ਖਾਂਦਾ ਹੈ ਤਾਂ ਉਨ੍ਹਾਂ ਵੱਲੋਂ ਕਿਸੇ ਹੋਰ ਸ਼ਬਦ ਦੀ ਵਰਤੋਂ ਉਤੇ ਅਸੀਂ ਇਤਰਾਜ਼ ਨਹੀਂ ਕਰਾਂਗੇ।' ਉਨ੍ਹਾਂ ਨੇ ਕਿਹਾ ਕਿ ਹਿੰਦੂ ਹੋਣ ਦਾ ਅਰਥ ਆਪਣਾ ਵਿਸ਼ਵਾਸ, ਭਾਸ਼ਾ, ਧਰਤੀ ਜਾਂ ਕੋਈ ਹੋਰ ਪਛਾਣ ਤਿਆਗਣਾ ਨਹੀਂ, ਇਹ ਸਿਰਫ਼ ਸਰਬ ਉੱਚਤਾ ਦੀ ਤਲਾਸ਼ ਤਿਆਗਣ ਉੱਤੇ ਜ਼ੋਰ ਪਾਉਂਦਾ ਹੈ।

# ਬਿਕਰੂ ਕਤਲ ਕੇਸ ਦੇ 30 ਦੋਸ਼ੀਆਂ 'ਤੇ ਗੈਂਗਸਟਰ ਐਕਟ ਲੱਗਾ

ਕਾਨਪੁਰ, 26 ਅਕਤੂਬਰ (ਪੋਸਟ ਬਿਊਰੋ)- ਤਿੰਨ ਜੁਲਾਈ ਨੂੰ ਬਿਕਰੂ ਪਿੰਡ ਵਿੱਚ ਘਾਤ ਲਾ ਕੇ ਅੱਠ ਪੁਲਸ ਮੁਲਾਜ਼ਮਾਂ ਦੀ ਹੱਤਿਆ ਕਰਨ ਦੇ ਦੋਸ਼ੀ ਮ੍ਰਿਤਕ ਗੈਂਗਸਟਰ ਵਿਕਾਸ ਦੂਬੇ ਦੇ 30 ਸਾਥੀਆਂ ਦੇ ਖਿਲਾਫ ਕਾਨਪੁਰ ਪੁਲਸ ਨੇ ਗੈਂਗਸਟਰ ਐਕਟ ਦਾ ਕੇਸ ਦਰਜ ਕੀਤਾ ਹੈ। ਐਸ ਪੀ (ਦਿਹਾਤੀ) ਬ੍ਰਿਜੇਸ਼ ਕੁਮਾਰ ਸ੍ਰੀਵਾਸਤਵ ਅਨੁਸਾਰ ਫੜੇ ਗਏ ਦੋਸ਼ੀਆਂ ਉਤੇ ਗੈਂਗਸਟਰ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ ਅਤੇ ਜਾਂਚ ਵਿੱਚ ਪੁਸ਼ਟੀ ਹੋਈ ਹੈ ਕਿ ਉਨ੍ਹਾਂ ਨੇ ਗੈਰ ਸਮਾਜੀ ਅਨਸਰਾਂ ਅਤੇ ਸਰਕਾਰ ਵਿਰੋਧੀ ਗਤੀਵਿਧੀਆਂ ਦੇ ਲਈ ਇੱਕ ਗਿਰੋਹ ਦੇ ਰੂਪ ਵਿੱਚ ਕੰਮ ਕੀਤਾ।

ਡੀ ਐੱਸ ਪੀ ਦੇ ਮੁਤਾਬਕ ਇਨ੍ਹਾਂ ਦੋਸ਼ੀਆ ਨੇ ਸਾਜ਼ਿਸ਼ ਰਚੀ ਅਤੇ ਇਸ ਤੋਂ ਜਨਤਾ ਵਿੱਚ ਦਹਿਸ਼ਤ ਫੈਲੀ। ਇਸ ਗਿਰੋਹ ਉੱਤੇ ਤਿੰਨ ਜੁਲਾਈ ਨੂੰ ਬਿਕਰੂ ਪਿੰਡ ਵਿੱਚ ਡਿਪਟੀ ਐਸ ਪੀ ਦੇਵੇਂਦਰ ਕੁਮਾਰ ਮਿਸ਼ਰਾ ਅਤੇ ਪੁਲਸ ਦੇ ਤਿੰਨ ਸਬ ਇੰਸਪੈਕਟਰਾਂ ਸਮੇਤ ਅੱਠ ਪੁਲਸ ਮੁਲਾਜ਼ਮਾਂ ਦੀ ਹੱਤਿਆ ਕਰਨ ਅਤੇ ਸੱਤ ਪੁਲਸ ਮੁਲਾਜ਼ਮਾਂ ਨੂੰ ਜ਼ਖਮੀ ਕਰਨ ਦਾ ਦੋਸ਼ ਹੈ।ਡੀ ਆਈ ਜੀ ਪ੍ਰੀਤਿੰਦਰ ਸਿੰਘ ਨੇ ਵੀ ਪੁਸ਼ਟੀ ਕੀਤੀ ਹੈ ਕਿ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮ ਦੇ ਬਾਅਦ ਜੇਲ੍ਹ ਵਿੱਚ ਬੰਦ 30 ਦੋਸ਼ੀਆਂ ਦੇ ਖਿਲਾਫ ਗੈਂਗਸਟਰ ਐਕਟ ਲਾਇਆ ਗਿਆ ਹੈ। ਉਨ੍ਹਾਂ ਨੇ ਕਿਹਾ, ਗੈਂਗਸਟਰ ਐਕਟ ਦੀ ਸਬੰਧਤ ਧਾਰਾਵਾਂ ਦੇ ਤਹਿਤ ਇੱਕ ਅਲੱਗ ਐਫ ਆਈ ਆਰ ਜੇਲ੍ਹ ਵਿੱਚ ਬੰਦ ਦੋਸ਼ੀਆਂ ਦੇ ਖਿਲਾਫ ਦਰਜ ਕੀਤੀ ਗਈ ਹੈ।

# ਮਹਾਂਮਾਰੀ ਕਾਰਨ ਲਗਜ਼ਰੀ ਕਾਰ ਬਾਜ਼ਾਰ 5-7 ਸਾਲ ਪਿੱਛੇ ਚਲਾ ਗਿਆ

ਨਵੀਂ ਦਿੱਲੀ, 26 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਂਮਾਰੀ ਦੇ ਕਾਰਨ ਦੇਸ਼ ਦਾ ਲਗਜ਼ਰੀ ਜਾਂ ਮਹਿੰਗੀਆਂ ਕਾਰਾਂ ਦਾ ਬਾਜ਼ਾਰ 5 ਤੋਂ 7 ਸਾਲ ਪਿੱਛੇ ਚਲਾ ਗਿਆ ਹੈ। ਜਰਮਨੀ ਦੀ ਵਾਹਨ ਖੇਤਰ ਦੀ ਕੰਪਨੀ ਆਡੀ ਦੇ ਇੱਕ ਚੋਟੀ ਦੇ ਅਧਿਕਾਰੀ ਨੇ ਇਹ ਗੱਲ ਕਹੀ ਹੈ। ਆਡੀ ਇੰਡੀਆ ਦੇ ਪ੍ਰਮੁੱਖ ਬਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਲਗਜ਼ਰੀ ਕਾਰ ਦੇ ਬਾਜ਼ਾਰ ਨੂੰ ਫਿਰ ਤੋਂ 2014-15 ਦੇ ਪੱਧਰ ਪੁੱਜਣ ਲਈ 2 ਤੋਂ 3 ਸਾਲ ਲੱਗਣਗੇ। ਉਨ੍ਹਾਂ ਕਿਹਾ ਕਿ 'ਕੋਵਿਡ-19' ਦੀ ਵਜ੍ਹਾ ਨਾਲ ਆਈਆਂ ਦਿੱਕਤਾਂ ਤੋਂ ਬਾਅਦ ਹੁਣ ਹਾਲਤ ਸੁਧਰ ਰਹੀ ਹੈ। ਹਾਲਾਂਕਿ, ਸਾਡੀ ਕਾਰ ਵਿਕਰੀ 'ਚ ਅਗਲੇ ਸਾਲ ਹੀ ਵਾਧਾ ਦੇਖਣ ਨੂੰ ਮਿਲੇਗਾ। ਢਿੱਲੋਂ ਨੇ ਕਿਹਾ, ਅਸੀਂ ਸਾਰੇ ਕਹਿ ਰਹੇ ਹਾਂ ਕਿ ਵਿਕਰੀ ਵੱਧ ਰਹੀ ਹੈ ਅਤੇ ਜਿਸ ਦੀ ਰੌਸ਼ਨੀ ਵੀ ਦਿਖਾਈ ਦਿਤੀ ਹੈ, ਅਸੀਂ ਵੀ ਅਗਲੇ ਸਾਲ ਵਾਧਾ ਦਰਜ ਕਰਾਂਗੇ। ਆਧਾਰ ਪ੍ਰਭਾਵ ਕਾਫੀ ਹੇਠਾਂ ਚਲਾ ਗਿਆ ਹੈ।

2014 ਦੌਰਾਨ ਭਾਰਤ 'ਚ ਲਗਜ਼ਰੀ ਕਾਰਾਂ ਦੀ ਵਿਕਰੀ 30,000 ਇਕਾਈ ਰਹੀ ਸੀ। 2015 'ਚ ਇਹ 31,000 ਇਕਾਈ ਰਹੀ ਸੀ। ਇਹ ਪੁੱਛੇ ਜਾਣ 'ਤੇ ਲਗਜ਼ਰੀ ਕਾਰ ਉਦਯੋਗ ਦੀ ਹਾਲਤ ਕਦੋਂ ਤੱਕ ਸੁਧਰੇਗੀ, ਤਾਂ ਢਿੱਲੋਂ ਨੇ ਕਿਹਾ ਕਿ ਨਿਸ਼ਚਿਤ ਰੂਪ ਨਾਲ ਇਹ ਅਗਲੇ ਸਾਲ ਤਾਂ ਇਹ ਰੁਝਾਨ ਨਹੀਂ ਹੋਵੇਗਾ। ਸਾਨੂੰ ਉਸ ਪੱਧਰ 'ਤੇ ਪੁੱਜਣ 'ਚ 2 ਤੋਂ 3 ਸਾਲ ਲੱਗਣਗੇ। ਭਾਰਤ ਦੇ ਲਗਜ਼ਰੀ ਕਾਰ ਬਾਜ਼ਾਰ ਦੀਆਂ ਚੋਟੀ ਦੀਆਂ 5 ਕੰਪਨੀਆਂ 'ਚ ਮਰਸਡੀਜ਼, ਬੀ ਐਮ ਡਬਲਯੂ, ਆਡੀ, ਜੇ ਐਲ ਆਰ ਅਤੇ ਵੋਲਵੋ ਸ਼ਾਮਲ ਹਨ। ਇਨ੍ਹਾਂ ਕੰਪਨੀਆਂ ਦੀ ਵਿਕਰੀ 2019 'ਚ 35,500 ਇਕਾਈ ਰਹੀ ਸੀ। 2018 'ਚ ਇਨ੍ਹਾਂ ਕੰਪਨੀਆਂ ਦੀ ਵਿਕਰੀ 40,340 ਇਕਾਈ ਰਹੀ ਸੀ।

# ਨਾਬਾਲਗ ਕੁੜੀ ਕਤਲ ਕਰ ਕੇ ਲਾਸ਼ ਡਬਲ ਬੈਡ ਵਿੱਚ ਲੁਕਾਈ

ਨਵੀਂ ਦਿੱਲੀ, 26 ਅਕਤੂਬਰ (ਪੋਸਟ ਬਿਊਰੋ)- ਨੰਦ ਨਗਰੀ ਇਲਾਕੇ ਵਿੱਚ ਇੱਕ ਨਾਬਾਲਗ ਲੜਕੀ ਦਾ ਕਤਲ ਕਰਕੇ ਲਾਸ਼ ਘਰ ਦੇ ਡਬਲ ਬੈਡ ਵਿੱਚ ਲੁਕਾ ਦਿੱਤੀ ਅਤੇ ਦੋਸ਼ੀ ਫਰਾਰ ਹੋ ਗਿਆ।


ਕੱਲ੍ਹ ਸ਼ਾਮ ਤੋਂ ਮ੍ਰਿਤਕ ਸ਼ਵੇਤਾ (17) ਦਾ ਮਾਸੜ ਘਰ ਵਿੱਚ ਤਾਲਾ ਲਾ ਕੇ ਫਰਾਰ ਸੀ। ਮਾਸੀ ਨੇ ਕੱਲ੍ਹ ਸਵੇਰੇ ਘਰ ਦਾ ਤਾਲਾ ਤੋੜਿਆ ਤਾਂ ਉਸ ਨੂੰ ਘਰ ਵਿਚੋਂ ਤੇਜ਼ ਬਦਬੂ ਆਈ। ਬੈਡ ਖੋਲ੍ਹ ਕੇ ਦੇਖਣ 'ਤੇ ਭਾਂਣਜੀ ਦੀ ਲਾਸ਼ ਮਿਲੀ। ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਮੌਕੇ 'ਤੇ ਪਹੁੰਚੀ ਪੁਲਸ ਨੂੰ ਲਾਸ਼ ਸੜੀ-ਗਲੀ ਹਾਲਤ ਵਿੱਚ ਮਿਲੀ। ਲਾਸ਼ ਦੇਖਣ ਤੋਂ ਅਜਿਹਾ ਲੱਗ ਰਿਹਾ ਸੀ ਕਿ ਕਤਲ ਕਰਨ ਤੋਂ ਬਾਅਦ ਉਸ ਦਾ ਚਿਹਰਾ ਕਿਸੇ ਚੀਜ਼ ਨਾਲ ਸਾੜਿਆ ਗਿਆ ਹੈ। ਪੁਲਸ ਸ਼ਵੇਤਾ ਦੀ ਮਾਸੀ ਤੋਂ ਪੁੱਛਗਿੱਛ ਕਰਕੇ ਕੇਸ ਦੀ ਜਾਂਚ ਕਰ ਰਹੀ ਹੈ। ਬਖਤਿਯਾਰਪੁਰ, ਪਟਨਾ (ਬਿਹਾਰ) ਦੀ ਰਹਿਣ ਵਾਲੀ ਸ਼ਵੇਤਾ ਆਪਣੀ ਮਾਸੀ ਸਵਿਤਾ ਅਤੇ ਮਾਸੜ ਵਕੀਲ ਪੋਦਾਰ ਦੇ ਨਾਲ ਸਰਵੋਦਿਆ ਲੇਪ੍ਰੋਸੀ ਕਾਲੋਨੀ, ਤਾਹਿਰਪੁਰ, ਨੰਦ ਨਗਰੀ ਵਿੱਚ ਰਹਿੰਦੀ ਸੀ।ਬਚਪਨ ਵਿੱਚ ਸ਼ਵੇਤਾ ਦੇ ਪਿਤਾ ਦੀ ਮੌਤ ਹੋ ਗਈ ਸੀ। ਇਸ ਦੀ ਮਾਂ ਮੁੰਨੀ ਯਾਦਵ ਬਿਹਾਰ ਵਿੱਚ ਰਹਿੰਦੀ ਹੈ। ਮਾਸੜ ਰਿਕਸ਼ਾ ਚਲਾਉਂਦਾ ਹੈ, ਜਦਕਿ ਸਵਿਤਾ ਭੀਖ ਮੰਗਣ ਜਾਂਦੀ ਹੈ। ਸ਼ਵੇਤਾ ਨੇ ਮਾਸੀ ਦੇ ਕੋਲ ਹੀ ਰਹਿ ਕੇ ਪੜ੍ਹਾਈ-ਲਿਖਾਈ ਕੀਤੀ ਸੀ। ਉਸ ਨੇ ਇਸੇ ਸਾਲ 12ਵੀਂ





# ਕਾਰਗਿਲ ਜੰਗ ਬਾਰੇ ਨਵਾਜ਼ ਦਾ ਦਾਅਵਾ : ਪਾਕਿਸਤਾਨੀ ਫੌਜੀਆਂ ਕੋਲ ਹਥਿਆਰ ਵੀ ਨਹੀਂ ਸਨ

*** ਕੁਝ ਫੌਜੀ ਜਨਰਲਾਂ ਨੇ ਜੰਗ ਵਿੱਚ ਐਵੇਂ ਝੋਕਿਆ: ਨਵਾਜ਼**



ਕਵੇਟਾ, 26 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਕੱਲ੍ਹ ਕਾਰਗਿਲ ਦੇ ਯੁੱਧ ਬਾਰੇ ਕੁਝ ਦਾਅਵੇ ਕੀਤੇ ਹਨ, ਜਿਨ੍ਹਾਂ ਨਾਲ ਜਿੱਥੇ ਇੱਕ ਪਾਸੇ ਪਾਕਿਸਤਾਨ ਵਿੱਚ ਸਿਆਸੀ ਪਾਰਾ ਚੜ੍ਹ ਸਕਦਾ ਹੈ ਅਤੇ ਦੂਸਰੇ ਪਾਸੇ ਸੰਸਾਰ ਪੱਧਰ ’ਤੇ ਪਾਕਿਸਤਾਨ ਦੀ ਫਜੀਹਤ ਹੋਣ ਦੀ ਪੂਰੀ ਸੰਭਾਵਨਾ ਹੈ।

ਨਵਾਜ਼ ਸ਼ਰੀਫ ਨੇ ਦਾਅਵਾ ਕੀਤਾ ਹੈ ਕਿ ਕਾਰਗਿਲ ਯੁੱਧ ਵਿੱਚ ਫੌਜੀਆਂ ਦੇ ਕੋਲ ਹਥਿਆਰ ਨਹੀਂ ਸਨ, ਪਰ ਕੁਝ ਜਨਰਲਾਂ ਨੇ ਉਨ੍ਹਾਂ ਨੂੰ ਯੁੱਧ ਵਿੱਚ ਝੋਕ ਦਿੱਤਾ। ਵਰਨਣ ਯੋਗ ਹੈ ਕਿ ਕਾਰਗਿਲ ਯੁੱਧ ਦੇ ਦੌਰਾਨ ਨਵਾਜ਼ ਸ਼ਰੀਫ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਓਦੋਂ ਵਾਲੇ ਫੌਜ ਮੁਖੀ ਪਰਵੇਜ਼ ਮੁਸ਼ੱਰਫ ’ਤੇ ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਹਮਲਾ ਕਰਦੇ ਹੋਏ ਕਿਹਾ ਕਿ ਕਾਰਗਿਲ ਵਿੱਚ ਸਾਡੇ ਸੈਂਕੜੇ ਜਵਾਨਾਂ ਨੂੰ ਸ਼ਹੀਦ ਕਰਵਾਉਣ ਅਤੇ ਪਾਕਿਸਤਾਨ ਨੂੰ ਦੁਨੀਆ ਵਿੱਚ ਬਦਨਾਮ ਕਰਵਾਉਣ ਦਾ ਫੈਸਲਾ ਫੌਜ ਦੇ ਕੁਝ ਜਨਰਲਾਂ ਦਾ ਸੀ, ਜਿਨਾਂ ਨੇ ਫੌਜ ਨੂੰ ਹੀ ਨਹੀਂ, ਦੇਸ਼ ਅਤੇ ਕੌਮ ਨੂੰ ਵੀ ਅਜਿਹੀ ਜੰਗ ਵਿੱਚ ਝੋਕ ਦਿੱਤਾ, ਜਿਸ ਦਾ ਕੋਈ ਲਾਭਨਹੀਂ ਹੋ ਸਕਿਆ। ਉਨ੍ਹਾਂ ਨੇ ਕਿਹਾ, ਉਹ ਸਮਾਂ ਮੇਰੇ ਲਈ ਤਕਲੀਫ ਵਾਲਾ ਸੀ, ਜਦ ਮੈਨੂੰ ਮੇਰੇ ਬਹਾਦਰ ਸਿਪਾਹੀਆਂ ਨੇ ਦੱਸਿਆ ਕਿ ਕਾਰਗਿਲ ਦੀਆਂ ਉਚੀਆਂ ਪਹਾੜੀਆਂ ਉੱਤੇ ਖੁਰਾਕ ਤਾਂ ਦੂਰ ਦੀ ਗੱਲ, ਹਥਿਆਰ ਤੱਕ ਨਹੀਂ ਭਿਜਵਾਏ ਗਏ। ਉਨ੍ਹਾਂ ਕਿਹਾ ਇਸ ਦੇ ਪਿੱਛੇ ਕੁਝ ਕਿਰਦਾਰ ਸ਼ਾਮਲ ਸਨ, ਜਿਨਾਂ ਨੇ ਖੁਦ ਨੂੰ ਬਚਾਉਣ ਲਈ ਫੌਜ ਅਤੇ ਦੇਸ਼ ਨੂੰ ਜੰਗ ਦੀ ਅੱਗ ਵਿੱਚ ਝੋਕ ਦਿੱਤਾ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਰੀਫ ਨੇ ਕਵੇਟਾ ਵਿੱਚ ਵਿਰੋਧੀ ਦਲਾਂ ਦੇ ਤੀਸਰੇ ਸਭ ਤੋਂ ਵੱਡੇ ਸਰਕਾਰ ਵਿਰੋਧੀ ਜਲਸੇ ਦੇ ਦੌਰਾਨ ਇਹ ਗੱਲਾਂ ਕਹੀਆਂ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਇੱਕ ਵਾਰ ਫਿਰ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ’ਤੇ ਵੀ ਨਿਸ਼ਾਨਾ ਸਾਧਿਆ ਅਤੇ ਉਸ ਉੱਤੇ ਲੋਕ ਭਾਵਨਾ ਨੂੰ ਚੋਰੀ ਕਰਨ ਦਾ ਦੋਸ਼ ਲਾ ਕੇ ਕਿਹਾ ਕਿ ਉਨ੍ਹਾਂ ਨੇ ਇਮਰਾਨ ਖਾਨ ਨੂੰ ਜਨਤਾ ਦੇ ਫਤਵੇ ਦੇ ਖਿਲਾਫ ਜਾ ਕੇ ਪ੍ਰਧਾਨ ਮੰਤਰੀ ਬਣਾਇਆ ਹੈ। ਇਸ ਦਾ ਉਨ੍ਹਾਂ ਨੂੰ ਜਨਤਾ ਨੂੰ ਜਵਾਬ ਦੇਣਾ ਹੋਵੇਗਾ। ਸ਼ਰੀਫ ਨੇ ਕਿਹਾ ਕਿ ਤਬਾਹੀ ਅਤੇ ਬਰਬਾਦੀ ਦੇ ਦੋਸ਼ਾਂ ਦੇ ਛਿੱਟੇ ਪਾਕਿਸਤਾਨੀ ਫੌਜ ਦੀ ਵਰਦੀ ’ਤੇ ਨਾ ਪੈਣ, ਇਸ ਲਈ ਉਹ ਇਸ ਸਬੰਧੀ ਸਾਰੇ ਜ਼ਿੰਮੇਵਾਰ ਕਿਰਦਾਰਾਂ ਦਾ ਨਾਂਅ ਲੈਣਗੇ। ਉਨ੍ਹਾਂ ਨੇ ਕਿਹਾ ਕਿ ਅੱਜ ਸਾਰੇ ਸਵਾਲਾਂ ਦੇ ਜਵਾਬ ਫੌਜ ਨੇ ਨਹੀਂ,ਸਗੋਂ ਜਨਰਲ ਕਮਰ ਜਾਵੇਦ ਬਾਜਵਾ ਨੇ ਦੇਣੇ ਹਨ ਅਤੇ ਜਨਰਲ ਫ਼ੈਜ਼ ਨੇ ਦੇਣੇ ਹਨ।

# 50 ਦੇਸ਼ਾਂ ਵੱਲੋਂ ਐਟਮੀ ਹਥਿਆਰਾਂ ਉੱਤੇ ਪਾਬੰਦੀ ਲਈ ਸੰਧੀ ਨੂੰ ਪ੍ਰਵਾਨਗੀ

ਸਾਨ ਫਰਾਂਸਿਸਕੋ, 26 ਅਕਤੂਬਰ (ਪੋਸਟ ਬਿਊਰੋ)- ਯੂ ਐੱਨ ਨੇ ਐਲਾਨ ਕੀਤਾ ਹੈ ਕਿ 50 ਦੇਸ਼ਾਂ ਨੇ ਐਟਮੀ ਹਥਿਆਰਾਂ ’ਤੇ ਪਾਬੰਦੀ ਲਾਉਣ ਲਈ ਇੱਕ ਸਾਂਝੀ ਸੰਧੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਦਕਿ ਅਮਰੀਕਾ ਸਮੇਤ ਐਤਮੀ ਸ਼ਕਤੀ ਵਾਲੇ ਪ੍ਰਮੁੱਖ ਦੇਸ਼ਾਂ ਰੂਸ, ਚੀਨ, ਬ੍ਰਿਟੇਨ ਤੇ ਫਰਾਂਸ ਨੇ ਇਸ ਦਾ ਵਿਰੋਧ ਕੀਤਾ ਹੈ। ਆਉਣ ਵਾਲੇ 90 ਦਿਨਾਂ ’ਚ ਇਸ ਸੰਧੀ ’ਤੇ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਸੰਧੀ ਉੱਤੇ 49 ਦਸਤਖ਼ਤ ਹੋਏ ਹਨ ਤੇ ਯੂ ਐੱਨ ਨੇ ਕਿਹਾ ਹੈ ਕਿ ਹੋਂਡੁਰਸ ਤੋਂ 50ਵੀਂ ਪ੍ਰਵਾਨਗੀ ਮਿਲ ਗਈ ਹੈ, ਜਿਸ ਨਾਲ ਗੱਲ ਅੱਗੇ ਵਧ ਰਹੀ ਹੈ।

ਇਸ ਸੰਬੰਧ ਵਿੱਚ ਯੂ ਐੱਨ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਯੂ ਐੱਨ ਦੇ ਸੈਕਟਰੀ ਜਨਰਲ ਐਂਟੋਨੀਓ ਗੁਟੇਰੇਸ ਨੇ 50 ਦੇਸ਼ਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਧੀ ਦਾ 22 ਜਨਵਰੀ ਨੂੰ ਹੋਂਦ ਵਿੱਚ ਆਉਣਾ ਵਿਸ਼ਵ ਵਿਆਪੀ ਅੰਦੋਲਨ ਦੀ ਸ਼ੁਰੂਆਤ ਹੈ ਤਾਂ ਕਿ ਐਟਮੀ



ਹਥਿਆਰਾਂ ਦੀ ਕਿਸੇ ਵੀ ਵਰਤੋਂ ਦੇ ਭਿਆਨਕ ਮਨੁੱਖਤਾ ਵਾਦੀ ਨਤੀਜਿਆਂ ਵੱਲ ਸਭ ਦਾ ਧਿਆਨ ਖਿੱਚਿਆ ਜਾ ਸਕੇ। ਇਹ ਐਟਮੀਵਿਸਫੋਟਕਾਂ ਅਤੇ ਪ੍ਰੀਖਣਾਂ ਤੋਂ ਬਚੇ ਲੋਕਾਂ ਨੂੰ ਸਮਰਪਿਤ ਹੈ। ਗੁਟਰੇਸ ਨੇ ਕਿਹਾ ਕਿ ਇਹ ਸੰਧੀ ਐਟਮੀਹਥਿਆਰਾਂ ਦੇ ਮੁਕੰਮਲ ਖਾਤਮੇ ਲਈ ਸਾਰਥਕ ਵਚਨਬੱਧਤਾ ਨੂੰ ਦਰਸਾਉਂਦੀ ਹੈ। ਐਟਮੀਹਥਿਆਰਾਂ ਦੇ ਖਾਤਮੇ ਲਈ ਕੌਮਾਂਤਰੀ ਮੁਹਿੰਮ ਦੇ ਕਾਰਜਕਾਰੀ ਨਿਰਦੇਸ਼ਕ ਤੇ 2017 ਦੇ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਬੀਟਰਿਸ ਫੀਹਨ, ਜਿਨ੍ਹਾਂ ਐਟਮੀਪਾਬੰਦੀ ਸੰਧੀ ਦੀ ਅਗਵਾਈ ਕੀਤੀ ਸੀ, ਨੇ ਕਿਹਾ ਕਿ ਇਸ ਸੰਧੀ ਨੂੰ ਪ੍ਰਵਾਨਗੀ ਦੇਣ ਵਾਲੇ 50 ਦੇਸ਼ ਇੱਕ ਨਵਾਂ ਕੌਮਾਂਤਰੀ ਨਿਯਮ ਸਥਾਪਤ ਕਰਨ ਵਿੱਚ ਸਹੀ ਅਗਵਾਈ ਦਿਖਾ ਰਹੇ ਹਨ। 50ਵੀਂ ਪ੍ਰਵਾਨਗੀ ਯੂ ਐੱਨ ਚਾਰਟਰ ਦੀ ਮਨਜ਼ੂਰੀ ਦੀ 75ਵੀਂ ਵਰ੍ਹੇਗੰਢ ਯਾਨੀ ਕਿ ਯੂ ਐੱਨ ਦਿਵਸ ’ਤੇ ਆਈ ਹੈ।

ਦੂਜੇ ਪਾਸੇ ਅਮਰੀਕਾ ਨੇ ਸੰਧੀ ਕਰਨ ਵਾਲੇ ਦੇਸ਼ਾਂ ਨੂੰ ਲਿਖਿਆ ਹੈ ਕਿ ਟਰੰਪ ਸਰਕਾਰ ਮੰਨਦੀ ਹੈ ਕਿ ਉਨ੍ਹਾਂ ਇੱਕ ਰਣਨੀਤਕ ਗਲਤੀ ਕੀਤੀ ਹੈ। ਉਹ ਉਨ੍ਹਾਂ ਨੂੰ ਅਪੀਲ ਕਰਦੇ ਹਨ ਕਿ ਉਹ ਆਪਣੀ ਪ੍ਰਵਾਨਗੀ ਵਾਪਸ ਲੈਣ। ਐਸੋਸੀਏਟਿਡ ਪ੍ਰੈਸ ਨੂੰ ਮਿਲੇ ਅਮਰੀਕਾ ਦੇ ਪੱਤਰ ’ਚ ਕਿਹਾ ਗਿਆ ਹੈ ਕਿ ਪੰਜ ਮੂਲ ਐਟਮੀਸ਼ਕਤੀਆਂ ਅਮਰੀਕਾ, ਰੂਸ, ਚੀਨ, ਬ੍ਰਿਟੇਨ ਤੇ ਫਰਾਂਸ ਆਦਿ ਨਾਟੋ ਸਹਿਯੋਗੀ ਇਸ ਸੰਧੀ ਦੇ ਸੰਭਾਵਿਤ ਨਤੀਜਿਆਂ ਦੇ ਵਿਰੋਧ ’ਚ ਇੱਕਜੁੱਟ ਹਨ।




# ਨੇਪਾਲੀ ਵਿਦੇਸ਼ ਮੰਤਰੀ ਨੇ ਕਿਹਾ : ਰਾਅ ਦਾ ਮੁਖੀ ਮੋਦੀ ਦਾ ਪ੍ਰਤੀਨਿਧ ਬਣਕੇ ਪ੍ਰਧਾਨ ਮੰਤਰੀ ਓਲੀ ਨੂੰ ਮਿਲਿਐ



ਕਾਠਮੰਡੂ, 26 ਅਕਤੂਬਰ (ਪੋਸਟ ਬਿਊਰੋ)- ਭਾਰਤੀ ਖੁਫੀਆ ਏਜੰਸੀ ਰਾਅ ਦੇ ਮੁਖੀ ਸਾਮੰਤ ਗੋਇਲ ਦੇ ਨੇਪਾਲ ਦੌਰੇ ਅਤੇ ਉਥੋਂ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨਾਲ ਮੁਲਾਕਾਤ ਉੱਤੇ ਉਠੇ ਵਿਵਾਦਾਂ ਦੌਰਾਨ ਨੇਪਾਲੀ ਵਿਦੇਸ਼ ਮੰਤਰੀ ਪ੍ਰਦੀਪ ਗਯਾਵਲੀ ਨੇ ਕਿਹਾ ਹੈ ਕਿ ਸਾਮੰਤ ਗੋਇਲ ਰਾਅ ਦੇ ਚੀਫ ਵਜੋਂਨਹੀਂ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਤੀਨਿਧੀ ਵਜੋਂ ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਮਿਲੇ ਸਨ। ਦੋ ਘੰਟੇ ਦੀ ਇਸ ਮੁਲਾਕਾਤ ਵਿਚ ਚੀਨ ਨਾਲ ਸੰਬੰਧਾਂ ਅਤੇ ਨੇਪਾਲ ਦੇ ਵਿਵਾਦਪੂਰਨ ਨਕਸ਼ੇ ’ਤੇ ਹੀ ਗੱਲ ਹੋਈ ਹੈ।

ਕਾਠਮੰਡੂ ਦੇ ਇਕ ਸਥਾਨਕ ਰੇਡੀਓ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਗਵਾਯਲੀ ਨੇ ਕਿਹਾ ਕਿ ਇਸ ਮੁਲਾਕਾਤ ਦੌਰਾਨ ਓਲੀ ਨੇ ਸਰਹੱਦੀ ਮੁੱਦੇ ’ਤੇ ਨੇਪਾਲ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਅਤੇ ਲਿੰਪਿਆਧੁਰਾ ਅਤੇ ਲਿਪੁਲੇਖ ਉੱਤੇ ਨੇਪਾਲ ਆਪਣੇ ਰੁਖ਼ ’ਤੇ ਕਾਇਮ ਰਹੇ, ਪਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਗੋਇਲ ਨਾਲ ਮੁਲਾਕਾਤ ਦੇ ਬਾਅਦ ਪ੍ਰਧਾਨ ਮੰਤਰੀ ਓਲੀ ਨੇ ਜਿਸ ਤਰ੍ਹਾਂ ਨੇਪਾਲ ਦਾ ਪੁਰਾਣਾ ਨਕਸ਼ਾ ਟਵੀਟ ਕੀਤਾ, ਉਸ ਤੋਂ ਸੰਕੇਤ ਮਿਲਦੇ ਹਨ ਕਿ ਨੇਪਾਲ ਵਿੱਚ ਚੀਨ ਦੇ ਦਬਾਅ ਵਿੱਚ ਹੋ ਰਹੇ ਘਟਨਾ ਕ੍ਰਮ ਦੇ ਵਿਰੁੱਧ ਭਾਰਤੀ ਰਣਨੀਤੀ ਕਾਰਗਰ ਹੋ ਰਹੀ ਹੈ। ਇਸ ਇੰਟਰਵਿਊ ਵਿੱਚ ਗਵਾਲਯੀ ਨੇ ਕਿਹਾ ਕਿ ਰਾਅ ਦੇ ਮੁਖੀ ਨਾਲ ਓਲੀ ਦੀ ਮੁਲਾਕਾਤ ਕੋਈ ਗੁਪਤ ਬੈਠਕਨਹੀਂ ਸੀ। 15 ਅਗਸਤ ਨੂੰ ਭਾਰਤੀ ਪ੍ਰਧਾਨ ਮੰਤਰੀ ਨਾਲ ਓਲੀ ਦੀ ਫੋਨ ’ਤੇ ਗੱਲਬਾਤ ਹੋਈ ਸੀ, ਜਿਸ ਦੇ ਬਾਅਦ ਗੋਇਲ ਆਏ ਸਨ। ਉਨ੍ਹਾਂ ਨੇ ਕਿਹਾ ਕਿ ਨੇਪਾਲ ਦਾ ਨਵਾਂ ਨਕਸ਼ਾ ਸਾਡੇ ਸੰਵਿਧਾਨ ਦਾ ਹਿੱਸਾ ਹੈ, ਇਸ ਨਕਸ਼ੇ ਨਾਲ ਪ੍ਰਕਾਸ਼ਿਤ ਸਿਲੇਬਸ ਨੂੰ ਰੋਕਣ ਦੇ ਸਵਾਲ ’ਤੇ ਉਹ ਬੋਲੇ ਕਿ ਸਰਵੇ ਵਿਭਾਗ ਨੇ ਅਜੇ ਕੰਮ ਖਤਮ ਨਹੀਂ ਕੀਤਾ। ਉਸ ਦੇ ਬਾਅਦ ਸਬੂਤ ਜੋੜੇ ਜਾਣਗੇ। ਉਨ੍ਹਾਂਨੇ ਇਹ ਵੀ ਦੱਸਿਆ ਕਿ ਚਾਰ ਨਵੰਬਰ ਨੂੰ ਭਾਰਤੀ ਫੌਜ ਮੁਖੀ ਜਨਰਲ ਐਮ ਐਮ ਨਰਵਣੇ ਵੀ ਨੇਪਾਲ ਯਾਤਰਾ ’ਤੇ ਆ ਰਹੇ ਹਨ।

# ਲੜਾਈ ਦੀਆਂ ਤਿਆਰੀਆਂ ’ਚ ਰੁੱਝੀ ਹੈ ਚੀਨ ਦੀ ਫੌਜ

ਪੇਈਚਿੰਗ, 26 ਅਕਤੂਬਰ (ਪੋਸਟ ਬਿਊਰੋ)- ਭਾਰਤ ਤੋਂ ਇਲਾਵਾ ਚੀਨ ਦਾ ਕਈ ਗੁਆਂਢੀ ਦੇਸ਼ਾਂ ਨਾਲ ਸਰਹੱਦੀ ਵਿਵਾਦ ਚੱਲ ਰਿਹਾ ਹੈ। ਅਜਿਹੇ ਹਾਲਾਤ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੀ ਪੀਪੁਲਸ ਲਿਬਰੇਸ਼ਨ ਆਰਮੀ (ਪੀ ਐਲ ਏ) ਦੀ ਨਿਯੁਕਤੀ ਕਈ ਥਾਂਵਾਂ ’ਤੇ ਕਰ ਰੱਖੀ ਹੈ। ਚੀਨੀ ਫੌਜ ਦੇ ਜਵਾਨ ਸਮੇਂ-ਸਮੇਂ ’ਤੇ ਅਭਿਆਸ ਕਰਦੇ ਰਹਿੰਦੇ ਹਨ, ਜਿਸ ਦੀਆਂ ਵੀਡੀਓਜ਼, ਤਸਵੀਰਾਂ ਵੀ ਸਾਂਝੀਆਂ ਕੀਤੀਆਂ ਜਾਂਦੀਆਂ ਹਨ।

ਕੱਲ੍ਹ ਚੀਨ ਨੇ ਸਾਊਥ ਚਾਈਨਾ ਸਮੁੰਦਰ ’ਚ ਕਈ ਦਰਜਨ ਮਿਜ਼ਾਈਲਾਂ ਦਾਗੀਆਂ ਹਨ। ਚੀਨ ਨੇ ਦਾਅਵਾ ਕੀਤਾ ਹੈ ਕਿ ਲਾਈਵ ਫਾਇਰ ਡ੍ਰਿਲ ਵਿੱਚ ਕਈ ਜਵਾਨਾਂ ਨੇ ਹਿੱਸਾ ਲਿਆ। ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਚੀਨ ਜੰਗੀ ਅਭਿਆਸ ’ਚ ਲੱਗਾ ਹੋਇਆ ਹੈ, ਉਸ ਤੋਂ ਲੱਗਦਾ ਹੈ ਕਿ ਉਹ ਲੜਾਈ ਦੀਆਂ ਤਿਆਰੀਆਂ ਕਰ ਰਿਹਾ ਹੈ ਤੇ ਦੂਜੇ ਦੇਸ਼ਾਂ ਨੂੰ ਲੜਾਈ ਲਈ ਉਕਸਾ ਵੀ ਰਿਹਾ ਹੈ। ਚੀਨ ਦੇ ਸਰਕਾਰੀ ਬ੍ਰਾਡਕਾਸਟਰ ਸੀ ਸੀ ਟੀ ਵੀ ਦੀ ਰਿਪੋਰਟ ਦੇ ਅਨੁਸਾਰ ਦੋਂਹ ਦਿਨਾਂ ਦੀ ਮਿਲਟਰੀ ਐਕਸਰਸਾਈਜ਼ ’ਚ ਤਕਰੀਬਨ 100 ਫ਼ੌਜੀਆਂ ਨੇ ਹਿੱਸਾ ਲਿਆ। ਇਸ ਦੌਰਾਨਉਨ੍ਹਾਂ ਨੇ ਏਅਰ-ਟੂ-ਏਅਰ ਮਿਜ਼ਾਈਲਾਂ ਦਾਗੀਆਂ। ਇਸ ਦੇ ਨਾਲ ਚੀਨ ਨੇ ਤਾਇਵਾਨ ਸਮੇਤ ਗੁਆਂਢੀ ਦੇਸ਼ਾਂ ਨੂੰ ਆਪਣੀ ਫੌਜੀ ਤਾਕਤ ਨੂੰ ਵਿਖਾਉਣ ਦੀ ਕੋਸ਼ਿਸ਼ ਕੀਤੀ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਸ ਮਹੀਨੇ ਆਪਣੀ ਸਮੁੰਦਰੀ ਫੌਜ ਨੂੰ ਕਿਹਾ ਸੀ ਕਿ ਉਹ ਬਹੁਤ ਜ਼ਿਆਦਾ ਚੇਤੰਨਤਾ ਵਰਤਦੇ ਹੋਏ ਲੜਾਈ ਦੀ ਤਿਆਰੀ ’ਤੇ ਧਿਆਨ ਕੇਂਦਰਿਤ ਕਰੇ।ਇਸ ਡਰਿੱਲ ’ਚ ਤਕਰੀਬਨ 100 ਫਾਈਟਰ ਜੈਟ ਦੇ ਪਾਇਲਟਾਂ ਨੇ ਹਿੱਸਾ ਲਿਆ ਤੇ ਦਰਜਨਾਂ ਮਿਜ਼ਾਈਲਾਂ ਨੂੰ ਦਾਗਿਆ। ਸਰਕਾਰੀ ਪ੍ਰਾਪੇਗੈਂਡਾ ਮੀਡੀਆ ਹਾਊਸ ਨੇ ਇਸ ਡ੍ਰਿਲ ਬਾਰੇ ਜਾਣਕਾਰੀ ਆਪਣੇ ਵੀਬੋ ਅਕਾਊਂਟ ’ਤੇ ਦਿੱਤੀ ਹੈ। ਉਨ੍ਹਾਂ ਵੀਡੀਓ ਵੀ ਜਾਰੀ ਕੀਤਾ ਹੈ, ਜਿਸ ’ਚ ਜਵਾਨ ਫਾਈਟਰ ਜੈਟਸ ’ਚ ਮਿਜ਼ਾਈਲਾਂ ਨੂੰ ਲੋਡ ਕਰ ਰਹੇ ਹਨ ਅਤੇ ਫਿਰ ਦਾਗ ਰਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202

jobs! jobs! jobs! jobs! jobs!

## HELP WANTED

DUNDAS·JAFINE

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, **Air Distribution Products** ਦੀ **Leading Manufacture company HVAC Industry** ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : **Day** ਅਤੇ **Afternoon Available** ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative

Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

**Looking for Experienced:**
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
416 822 2590
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience



Marriage

## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW

AVTAR UPPAL
Manager

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

Tel: 905-500-1507
351 Parkhurst Square, # 16, Brampton,ON L6T 0C2, Fax: 905-672-7848

FREE Consultation

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential ▪ Commercial ▪ Industrial
- Hotel ▪ Motel ▪ Exterior
- Interior ▪ Spray Painting
- Office Painting ▪ Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017

